Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 146 | Tuesday, July 26, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਪੌਲੀਏਵਰ ਦੇ ਹੱਕ ਵਿਚ ਨਿੱਤਰੇ ਹਾਰਪਰ

ਓਟਵਾ, 25 ਜੁਲਾਈ (ਪੋਸਟ ਬਿਊਰੋ) : ਸਾਬਕਾ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਵੱਲੋਂ ਪਾਰਟੀ ਦੇ ਅਗਲੇ ਆਗੂ ਵਜੋਂ ਪਿਏਰ ਪੌਲੀਏਵਰ ਦੀ ਹਮਾਇਤ ਕੀਤੀ ਗਈ ਹੈ।



ਪਾਰਟੀ ਪਾਲੀਟਿਕਸ ਬਾਰੇ ਗੱਲ ਕਰਦਿਆਂ ਹਾਰਪਰ ਵੱਲੋਂ ਟਵਿੱਟਰ ਉੱਤੇ ਇੱਕ ਨਿੱਕੀ ਜਿਹੀ ਵੀਡੀਓ ਪਾਈ ਗਈ ਹੈ ਜਿਸ ਵਿੱਚ ਉਹ ਪੌਲੀਏਵਰ ਨੂੰ ਸਮਰਥਨ ਦੇਣ ਦੀ ਗੱਲ ਕਰ ਰਹੇ ਹਨ। ਇਸ ਵੀਡੀਓ ਵਿੱਚ ਉਨ੍ਹਾਂ ਆਖਿਆ ਕਿ ਪਾਰਟੀ ਦੀ ਅਗਵਾਈ ਲਈ ਮੁਕਾਬਲਾ ਭਾਵੇਂ ਫਸਵਾਂ ਹੈ ਪਰ ਇਨ੍ਹਾਂ ਸਾਰੇ ਉਮੀਦਵਾਰਾਂ ਵਿੱਚੋਂ ਇੱਕ ਬਿਹਤਰ ਹੈ ਤੇ ਉਹ ਹੈ ਪੌਲੀਏਵਰ।

ਸਾਬਕਾ ਪ੍ਰਧਾਨ ਮੰਤਰੀ ਨੇ ਆਖਿਆ ਕਿ 2015 ਵਿੱਚ ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਹਰਾਏ ਜਾਣ ਤੋਂ ਪਹਿਲਾਂ ਜਦੋਂ ਉਹ ਸੱਤਾ ਵਿੱਚ ਸਨ ਤਾਂ ਪੌਲੀਏਵਰ ਨੇ ਉਨ੍ਹਾਂ ਦੀ ਅਗਵਾਈ ਵਿੱਚ ਬਿਹਤਰੀਨ ਮੰਤਰੀ ਵਜੋਂ ਕੰਮ ਕੀਤਾ ਸੀ। ਹਾਰਪਰ ਦਾ ਕਹਿਣਾ ਹੈ ਕਿ ਪੌਲੀਏਵਰ ਨੇ ਪਿਛਲੇ ਕੁੱਝ ਸਾਲਾਂ ਵਿੱਚ ਵਿਰੋਧੀ ਧਿਰ ਵਿੱਚ ਰਹਿੰਦਿਆਂ ਵੀ ਸੱਭ ਤੋਂ ਪ੍ਰਭਾਵਸ਼ਾਲੀ ਕ੍ਰਿਟਿਕ ਦੀ ਭੂਮਿਕਾ ਨਿਭਾਈ ਹੈ।

ਉਨ੍ਹਾਂ ਆਖਿਆ ਕਿ ਪੌਲੀਏਵਰ ਨੇ ਆਰਥਿਕ ਮਸਲਿਆਂ ਜਿਵੇਂ ਕਰਜ਼ੇ ਤੇ ਮਹਿੰਗਾਈ ਨੂੰ ਹੱਲ ਕਰਨ ਬਾਰੇ ਵੀ ਗੱਲ ਕੀਤੀ ਹੈ ਤੇ ਇਨ੍ਹਾਂ ਮਸਲਿਆਂ ਦੇ ਅਜਿਹੇ ਹੱਲ ਪੇਸ਼ ਕੀਤੇ ਹਨ ਜਿਹੜੇ ਕੰਜ਼ਰਵੇਟਿਵ ਵਿਚਾਰਾਂ ਮੁਤਾਬਕ ਢੁਕਵੇਂ ਹਨ।

## ਰੌਜਰਜ਼ ਦੀਆਂ ਸੇਵਾਵਾਂ ਵਿਚ ਪਏ ਵਿਘਣ ਬਾਰੇ ਸੁਣਵਾਈ ਕਰੇਗੀ ਹਾਊਸ ਆਫ ਕਾਮਨਜ਼ ਕਮੇਟੀ

ਓਟਵਾ, 25 ਜੁਲਾਈ (ਪੋਸਟ ਬਿਊਰੋ): ਰੌਜਰਜ਼ ਦੀਆਂ ਸੇਵਾਵਾਂ 15 ਘੰਟੇ ਲਈ ਠੱਪ ਹੋਣ ਦੇ ਮਾਮਲੇ ਵਿੱਚ ਅੱਜ ਹਾਊਸ ਆਫ ਕਾਮਨਜ਼ ਦੀ ਇੰਡਸਟਰੀ ਕਮੇਟੀ ਵੱਲੋਂ ਦੋ ਸੁਣਵਾਈਆਂ ਕੀਤੀਆਂ ਜਾਣਗੀਆਂ। ਰੌਜਰਜ਼ ਦੀਆਂ ਸੇਵਾਵਾਂ ਵਿੱਚ ਬੀਤੇ ਦਿਨੀਂ ਆਈ ਇਸ ਦਿੱਕਤ ਕਾਰਨ ਕਈ ਮਿਲੀਅਨ ਕੈਨੇਡੀਅਨਜ਼ ਦਾ ਸੰਚਾਰ ਹੋਰਨਾਂ ਥਾਂਵਾਂ ਨਾਲੋਂ ਟੁੱਟ ਗਿਆ ਸੀ।

8 ਜੁਲਾਈ ਨੂੰ ਰੌਜਰਜ਼ ਦੀਆਂ ਮੋਬਾਈਲ ਤੇ ਇੰਟਰਨੈੱਟ ਸੇਵਾਵਾਂ ਬੰਦ ਹੋਣ ਕਾਰਨ ਇਸ ਦੇ ਕਸਟਮਰਜ਼ ਲਈ ਏਟੀਐਮ ਸੇਵਾਵਾਂ, ਬੈਂਕਿੰਗ ਸਿਸਟਮ ਤੇ ਕਈ ਕੈਨੇਡੀਅਨ ਸ਼ਹਿਰਾਂ ਵਿੱਚ 911 ਉੱਤੇ ਕੀਤੀ ਜਾਣ ਵਾਲੀ ਐਮਰਜੰਸੀ ਕਾਲ ਦੀ ਸਹੂਲਤ ਤੱਕ ਠੱਪ ਪੈ ਗਈ ਸੀ। ਕਮੇਟੀ ਵੱਲੋਂ 15 ਜੁਲਾਈ ਨੂੰ ਐਮਰਜੰਸੀ ਮੀਟਿੰਗ ਕੀਤੀ ਗਈ ਤੇ ਸਰਬਸੰਮਤੀ ਨਾਲ ਇਸ ਮਾਮਲੇ ਦੀ ਜਾਂਚ ਕਰਨ ਲਈ ਵੋਟ ਕੀਤਾ ਗਿਆ।




ਰੌਜਰਜ਼ ਦੇ ਐਗਜ਼ੈਕਟਿਵਜ਼, ਇਨੋਵੇਸ਼ਨ ਮੰਤਰੀ ਫਰੈਂਕੌਇਸ-ਫਿਲਿਪ ਸ਼ੈਂਪੇਨ ਤੇ ਕੈਨੇਡੀਅਨ ਟੈਲੀਵਿਜ਼ਨ ਐਂਡ ਟੈਲੀਕਮਿਊਨਿਕੇਸ਼ਨਜ਼ ਕਮਿਸ਼ਨ ਦੇ ਅਧਿਕਾਰੀ ਇਸ ਸੁਣਵਾਈ ਵਿੱਚ ਹਿੱਸਾ ਲੈਣਗੇ। ਕਮੇਟੀ ਇਸ ਤਰ੍ਹਾਂ ਦੀ ਗੜਬੜੀ ਦੇ ਕਾਰਨਾਂ, ਇਸ ਕਾਰਨ ਪਏ ਪ੍ਰਭਾਵ ਦਾ ਪਤਾ ਲਾਉਣਾ ਚਾਹੁੰਦੀ ਹੈ ਤੇ ਇਸ ਦੇ ਨਾਲ ਹੀ ਭਵਿੱਖ ਵਿੱਚ ਇਸ ਤਰ੍ਹਾਂ ਦੀ ਗੜਬੜ ਨਾ ਹੋਵੇ ਇਹ ਵੀ ਯਕੀਨੀ ਬਣਾਉਣਾ ਚਾਹੁੰਦੀ ਹੈ।

ਜ਼ਿਕਰਯੋਗ ਹੈ ਕਿ ਇਸ ਗੜਬੜੀ ਤੋਂ ਬਾਅਦ ਸ਼ੈਂਪੇਨ ਨੇ ਕੈਨੇਡਾ ਦੀਆਂ ਵੱਡੀਆਂ ਟੈਲੀਕੌਮ ਕੰਪਨੀਆਂ ਨੂੰ ਇਸ ਤਰ੍ਹਾਂ ਦੀ ਗੜਬੜੀ ਦੌਰਾਨ ਇੱਕ ਦੂਜੇ ਦੀ ਮਦਦ ਲਈ ਅੱਗੇ ਆਉਣ ਦੀ ਹਦਾਇਤ ਕੀਤੀ ਸੀ। ਇਸ ਤੋਂ ਇਲਾਵਾ ਐਮਰਜੰਸੀਜ਼ ਦੌਰਾਨ ਕੈਨੇਡੀਅਨਜ਼ ਨੂੰ ਬਿਹਤਰ ਸੂਚਿਤ ਕਰਨ ਲਈ ਕਮਿਊਨਿਕੇਸ਼ਨ ਪ੍ਰੋਟੋਕਾਲ ਅਪਨਾਉਣ ਲਈ ਵੀ ਆਖਿਆ ਗਿਆ ਸੀ।

## ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਵਿੱਚ ਚਰਚ ਵੱਲੋਂ ਨਿਭਾਈ ਭੂਮਿਕਾ ਲਈ ਪੋਪ ਨੇ ਮੰਗੀ ਮੁਆਫੀ

ਐਡਮੰਟਨ, 25 ਜੁਲਾਈ (ਪੋਸਟ ਬਿਊਰੋ) : ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਵਿੱਚ ਰੋਮਨ ਕੈਥੋਲਿਕ ਚਰਚ ਵੱਲੋਂ ਨਿਭਾਈ ਗਈ ਭੂਮਿਕਾ ਲਈ ਪੋਪ ਫਰਾਂਸਿਸ ਵੱਲੋਂ ਡੂੰਘੇ ਦਰਦ ਤੇ ਪਛਤਾਵੇ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਆਖਿਆ ਕਿ ਇਹ ਸੱਭ ਦੁਖਦਾਈ ਰਿਹਾ।

ਉਨ੍ਹਾਂ ਆਖਿਆ ਕਿ ਸੱਤਾ ਦੀ ਬਸਤੀਵਾਦੀ ਸੋਚ, ਜਿਸ ਦਾ ਕਈ ਇਸਾਈਆਂ ਵੱਲੋਂ ਸਮਰਥਨ ਕੀਤਾ ਗਿਆ ਤੇ ਜਿਸ ਕਾਰਨ ਮੂਲਵਾਸੀ ਲੋਕਾਂ ਨੂੰ ਦਬਾਇਆ ਗਿਆ, ਲਈ ਉਹ ਮੁਆਫੀ ਮੰਗਦੇ ਹਨ। ਉਨ੍ਹਾਂ ਆਖਿਆ ਕਿ ਚਰਚ ਦੇ ਕਈ ਮੈਂਬਰਾਂ ਤੇ ਧਾਰਮਿਕ ਕਮਿਊਨਿਟੀਜ਼ ਵੱਲੋਂ ਇਸ ਤਰ੍ਹਾਂ ਦੀ ਸੋਚ ਲਈ ਸਹਿਯੋਗ ਦੇਣ ਵਾਲਿਆਂ ਬਦਲੇ ਉਹ ਮੁਆਫੀ ਮੰਗਦੇ ਹਨ।



ਪੋਪ ਵੱਲੋਂ ਇੰਡੀਜੀਨਸ ਰੈਜ਼ੀਡੈਂਸ਼ੀਅਲ ਸਕੂਲ ਸਰਵਾਈਵਰਜ਼ ਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਇਹ ਇਤਿਹਾਸਕ ਮੁਆਫੀ ਉਸ ਸਮੇਂ ਮੰਗੀ ਗਈ ਜਦੋਂ ਉਨ੍ਹਾਂ ਸੋਮਵਾਰ ਨੂੰ ਐਡਮੰਟਨ ਦੇ ਦੱਖਣ ਵੱਲ ਮਾਸਕਵਾਸਿਸ ਅਲਬਰਟਾ ਵਿੱਚ ਅਰਮੀਨੇਸਕਿਨ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਦੀ ਪੁਰਾਣੀ ਸਾਈਟ ਉੱਤੇ ਫਰਸਟ ਨੇਸ਼ਨਜ਼, ਇਨੂਇਟ ਤੇ ਮੈਟਿਸ ਲੋਕਾਂ ਨਾਲ ਮੁਲਾਕਾਤ ਕੀਤੀ। ਪੋਪ ਨੇ ਆਖਿਆ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਨੇ ਨਾ ਸਿਰਫ ਮੂਲਵਾਸੀ ਲੋਕਾਂ ਦੀਆਂ ਭਾਸ਼ਾਵਾਂ ਤੇ ਸੱਭਿਆਚਾਰ ਨੂੰ ਦਬਾਉਣ ਦੀ ਹੀ ਕੋਸ਼ਿਸ਼ ਕੀਤੀ ਸਗੋਂ ਇਨ੍ਹਾਂ ਮੂਲਵਾਸੀ ਲੋਕਾਂ ਨੂੰ ਅਜਿਹੇ ਜ਼ਖ਼ਮ ਦਿੱਤੇ ਜਿਹੜੇ ਅਜੇ ਵੀ ਤਾਜ਼ਾ ਹਨ ਤੇ ਜਿਨ੍ਹਾਂ ਦਾ ਦਰਦ ਅੱਜ ਵੀ ਮਹਿਸੂਸ ਹੁੰਦਾ ਹੈ।

ਉਨ੍ਹਾਂ ਆਖਿਆ ਕਿ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਮੂਲਵਾਸੀ ਲੋਕਾਂ ਲਈ ਤਬਾਹਕੁੰਨ ਸੀ ਤੇ ਬੱਜਰ ਗਲਤੀ ਸੀ। ਪੋਪ ਨੇ ਆਖਿਆ ਕਿ ਮੂਲਵਾਸੀ ਲੋਕਾਂ ਖਿਲਾਫ ਕਈ ਇਸਾਈਆਂ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਵਧੀਕੀਆਂ ਲਈ ਉਹ ਮੁਆਫੀ ਮੰਗਦੇ ਹਨ। ਇੱਥੇ ਦੱਸਣਾ ਬਣਦਾ ਹੈ ਕਿ ਇੰਡੀਜੀਨਸ ਲੋਕਾਂ ਨਾਲ ਸੁਲ੍ਹਾ ਕਰਨ ਦੇ ਇਰਾਦੇ ਨਾਲ ਪੋਪ ਫਰਾਂਸਿਸ ਛੇ ਰੋਜ਼ਾ ਦੌਰੇ ਉੱਤੇ ਐਤਵਾਰ ਨੂੰ ਕੈਨੇਡਾ ਪਹੁੰਚੇ ਹਨ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR HOME & APPLIANCES
BASEMENT Special
Stacked laundry
30 inch fridge
Electric stove
JULY BOXING WEEK
$2999
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਟੋਰਾਂਟੋ ਵਿਚ ਹੋਰ ਉਲਝ ਸਕਦਾ ਹੈ ਹੈਲਥਕੇਅਰ ਸਟਾਫ ਦੀ ਘਾਟ ਦਾ ਮਾਮਲਾ

ਓਨਟਾਰੀਓ, 25 ਜੁਲਾਈ (ਪੋਸਟ ਬਿਊਰੋ) :ਓਨਟਾਰੀਓ ਨਰਸਿਜ਼ ਯੂਨੀਅਨ ਦਾ ਕਹਿਣਾ ਹੈ ਕਿ ਟੋਰਾਂਟੋ ਵਿੱਚ ਹੈਲਥਕੇਅਰ ਸਟਾਫ ਦੀ ਘਾਟ ਦਾ ਮਾਮਲਾ ਹੋਰ ਉਲਝ ਸਕਦਾ ਹੈ। ਜ਼ਿਕਰਯੋਗ ਹੈ ਕਿ ਸਿਟੀ ਦੇ ਹੌਸਪਿਟਲ ਨੈੱਟਵਰਕ ਨੂੰ ਵੀਕੈਂਡ ਉੱਤੇ ਐਮਰਜੰਸੀ ਸੇਵਾਵਾਂ ਨੂੰ ਚੱਲਦਾ ਰੱਖਣ ਲਈ ਨਰਸਿੰਗ ਸਟੂਡੈਂਟਸ ਤੇ ਮੈਡੀਕਲ ਰੈਜ਼ੀਡੈਂਟਸ ਦੀ ਮਦਦ ਲੈਣੀ ਪਈ। ਸੋਮਵਾਰ ਨੂੰ ਯੂਨੀਵਰਸਿਟੀ ਹੈਲਥ ਨੈੱਟਵਰਕ ਨੇ ਆਖਿਆ ਕਿ ਵੀਕੈਂਡ ਉੱਤੇ ਉਨ੍ਹਾਂ ਨੂੰ ਸਟਾਫ ਦੀ ਘਾਟ ਕਾਰਨ ਕਾਫੀ ਕਸੂਤੀ ਸਥਿਤੀ ਦਾ ਸਾਹਮਣਾ ਕਰਨਾ ਪਿਆ ਤੇ ਐਮਰਜੰਸੀ ਰੂਮ ਲਈ ਉਨ੍ਹਾਂ ਨੂੰ ਵੱਖ ਵੱਖ ਯੂਨਿਟਸ ਤੋਂ ਮੈਡੀਕਲ ਰੈਜ਼ੀਡੈਂਟਸ, ਪਰਸਨਲ ਸਪੋਰਟ ਵਰਕਰਜ਼ ਤੇ ਨਰਸਿੰਗ ਸਟੂਡੈਂਟਸ ਤੱਕ ਲਾਉਣੇ ਪਏ। ਯੂਐਚਐਨ ਨੇ ਇਹ ਵੀ ਆਖਿਆ ਕਿ ਇਨ ਪੇਸ਼ੈਂਟ ਯੂਨਿਟਸ ਨੂੰ ਜਲਦ ਤੋਂ ਜਲਦ ਡਿਸਚਾਰਜ ਕਰਨਾ ਪਿਆ ਤੇ ਈਆਰ ਤੋਂ ਮਰੀਜ਼ਾਂ ਨੂੰ ਵਾਰਡਜ਼ ਵਿੱਚ ਸ਼ਿਫਟ ਕੀਤਾ ਗਿਆ।

ਓਨਟਾਰੀਓ ਨਰਸਿਜ਼ ਐਸੋਸਿਏਸ਼ਨ ਦੀ ਪ੍ਰੈਜ਼ੀਡੈਂਟ ਕੈਥਰੀਨ ਹੋਏ ਨੇ ਆਖਿਆ ਕਿ ਇਹ ਬੜੀ ਹੀ ਮੰਦਭਾਗੀ ਗੱਲ ਹੈ ਕਿ ਟੋਰਾਂਟੋ ਦੇ ਹਸਪਤਾਲ ਨੂੰ ਆਪਣੀ ਈਆਰ ਖੁੱਲ੍ਹਾ ਰੱਖਣ ਲਈ ਐਨੇ ਸਾਰੇ ਲੋਕਾਂ ਦੀ ਮਦਦ ਲੈਣੀ ਪਈ। ਇਹ ਵੀ ਆਖਿਆ ਗਿਆ ਕਿ ਆਰਜ਼ੀ ਤੌਰ ਉੱਤੇ ਪੇਂਡੂ ਏਰੀਆਜ਼ ਵਿੱਚ ਈਆਰ ਬੰਦ ਕਰਨ ਦੀ ਨੌਬਤ ਆਈ ਹੈ। ਉਨ੍ਹਾਂ ਆਖਿਆ ਕਿ ਇਹ ਮੁਸੀਬਤ ਦੀ ਨਿੱਕੀ ਜਿਹੀ ਝਲਕ ਹੈ ਤੇ ਇਸ ਤੋਂ ਹੀ ਪਤਾ ਲੱਗਦਾ ਹੈ ਕਿ ਅਸੀਂ ਮੁਸ਼ਕਲ ਵਿੱਚ ਹਾਂ। ਯੂਐਚਐਨ ਦੋ ਈਆਰ ਚਲਾਉਂਦੀ ਹੈ ਇੱਕ ਟੋਰਾਂਟੋ ਦੇ ਜਨਰਲ ਤੇ ਦੂਜਾ ਟੋਰਾਂਟੋ ਵੈਸਟਰਨ ਹੌਸਪਿਟਲ। ਪਰ ਇਹ ਨਹੀਂ ਦੱਸਿਆ ਗਿਆ ਕਿ ਵੀਕੈਂਡ ਉੱਤੇ ਕਿਹੜਾ ਪ੍ਰਭਾਵਿਤ ਹੋਇਆ।



ਜ਼ਿਕਰਯੋਗ ਹੈ ਕਿ ਪਰਥ, ਅਲੈਗਜ਼ੈਂਡਰੀਆ, ਕਲਿੰਟਨ, ਲਿਸਟੋਵਲ ਤੇ ਵਿੰਘਮ ਵਿੱਚ ਨਿੱਕੇ ਹਸਪਤਾਲਾਂ ਦੇ ਈਆਰਜ਼ ਨੂੰ ਸਟਾਫ ਦੀ ਘਾਟ ਕਾਰਨ ਪਿਛਲੇ ਦਿਨੀਂ ਕੁੱਝ ਘੰਟਿਆਂ ਤੇ ਕੁੱਝ ਦਿਨਾਂ ਲਈ ਬੰਦ ਕਰਨਾ ਪਿਆ। ਹੋਏ ਨੇ ਆਖਿਆ ਕਿ ਦੋ ਸਾਲਾਂ ਤੱਕ ਮਹਾਂਮਾਰੀ ਨਾਲ ਜੂਝ ਰਹੀਆਂ ਨਰਸਾਂ ਤੇ ਤਨਖਾਹ ਵਿੱਚ ਇੱਕ ਫੀ ਸਦੀ ਵਾਧੇ ਤੋਂ ਬਾਅਦ ਹੋਰ ਵਾਧੇ ਉੱਤੇ ਰੋਕ ਲਾਉਣ ਕਾਰਨ ਪਰੇਸ਼ਾਨ ਇਨ੍ਹਾਂ ਨਰਸਾਂ ਨੂੰ ਕੰਮ ਉੱਤੇ ਬਣਾਈ ਰੱਖਣ ਲਈ ਪ੍ਰੋਵਿੰਸ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਨਰਸਾਂ ਦੀ ਯੂਨੀਅਨ ਚਾਹੁੰਦੀ ਹੈ ਕਿ ਸਰਕਾਰ ਪੇਅ-ਕੈਪ ਕਾਨੂੰਨ ਰੱਦ ਕਰੇ ਤੇ ਕੌਮਾਂਤਰੀ ਪੱਧਰ ਉੱਤੇ ਸਿਖਲਾਈ ਪ੍ਰਾਪਤ ਨਰਸਾਂ ਨੂੰ ਜਲਦ ਤੋਂ ਜਲਦ ਲਾਇਸੰਸ ਦੇ ਕੇ ਇੱਥੇ ਸੱਦਿਆ ਜਾਵੇ ਤਾਂ ਕਿ ਸਾਰਾ ਕੰਮਕਾਜ ਸਹੀ ਢੰਗ ਨਾਲ ਹੋ ਸਕੇ।

# ਭਾਰਤ ਦੀ ਪਹਿਲੀ ਆਦਿ-ਵਾਸੀ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਦੇਸ਼ ਦੇ ਮੁਖੀ ਵਜੋਂ ਸਹੁੰ ਚੁੱਕੀ

*** ਪਰੋਟੋਕੋਲ ਮੁਤਾਬਕ ਇੱਕੀ ਤੋਪਾਂ ਦੀ ਸਲਾਮੀ ਦਿੱਤੀ ਗਈ**



ਨਵੀਂ ਦਿੱਲੀ, 25 ਜੁਲਾਈ, (ਪੋਸਟ ਬਿਊਰੋ)- ਉੜੀਸਾ ਦੇ ਪਛੜੇ ਇਲਾਕੇ ਅਤੇ ਕਬਾਈਲੀ ਪਰਵਾਰ ਵਿੱਚ ਜਨਮ ਲੈਣ ਵਾਲੀ ਸ੍ਰੀਮਤੀ ਦ੍ਰੋਪਦੀਮੁਰਮੂ ਨੇ ਅੱਜ 25 ਜੁਲਾਈ ਨੂੰ ਭਾਰਤ ਦੇ 15ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ ਹੈ, ਜਿਸ ਦੇ ਬਾਅਦ ਉਨ੍ਹਾਂ ਨੂੰ ਪਰੋਟੋਕੋਲ ਦੇ ਮੁਤਾਬਕ 21 ਤੋਪਾਂ ਦੀ ਸਲਾਮੀ ਦਿੱਤੀ ਗਈ ਹੈ।

ਭਾਰਤ ਦੀ ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਦੇਸ਼ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਐੱਨ ਵੀ ਰਾਮੰਨਾ ਨੇ ਅੱਜ ਦ੍ਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁਕਾਈ। ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦਾ ਕਾਰਜਕਾਲ ਪੂਰਾ ਹੋਣ ਪਿੱਛੋਂ ਇਹ ਅਹੁਦਾ ਸੰਭਾਲਿਆ ਹੈ। ਸਹੁੰ ਚੁੱਕ ਸਮਾਗਮ ਵਿੱਚ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ, ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਐਮ. ਵੈਂਕਈਆ ਨਾਇਡੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਸਪੀਕਰ ਓਮ ਬਿਰਲਾ, ਸਾਰੇ ਮੰਤਰੀ, ਕਈ ਗਵਰਨਰ ਅਤੇ ਮੁੱਖ ਮੰਤਰੀ ਹਾਜ਼ਰ ਸਨ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਨੇ ਭਾਰਤ ਦੀ 15ਵੀਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਉੱਤੇਦ੍ਰੋਪਦੀਮੁਰਮੂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਦੇਸ਼ ਦੇ ਸਰਬ ਉੱਚ ਸੰਵਿਧਾਨਕ ਅਹੁਦਾ ਸੰਭਾਲਣਾ ਭਾਰਤ ਦੇ ਲੋਕਾਂ ਤੇ ਖ਼ਾਸ ਕਰ ਕੇ ਗਰੀਬਾਂ, ਵਾਂਝੇ ਲੋਕਾਂ ਤੇ ਕਮਜ਼ੋਰ ਵਰਗਾਂ ਲਈ ਇਤਿਹਾਸਕ ਪਲ ਹੈ।ਨਰਿੰਦਰ ਮੋਦੀ ਨੇ ਇੱਕ ਤੋਂ ਬਾਅਦ ਇੱਕ ਕੀਤੇ ਟਵੀਟਸ ਵਿੱਚ ਕਿਹਾ ਕਿ ਸਹੁੰ ਚੁੱਕਣ ਪਿੱਛੋਂ ਰਾਸ਼ਟਰਪਤੀ ਮੁਰਮੂ ਨੇ ਭਾਰਤ ਦੀਆਂ ਪ੍ਰਾਪਤੀਆਂ ਉੱਤੇ ਜ਼ੋਰ ਦਿੱਤਾ ਤੇ ਅਗਲੇ ਰਾਹ ਦਾ ਭਵਿੱਖਵਾਦੀ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ, 'ਪੂਰੇ ਦੇਸ਼ ਨੇ ਅੱਜ ਮਾਣ ਨਾਲ ਦ੍ਰੋਪਦੀਮੁਰਮੂ ਨੂੰ ਦੇਸ਼ ਦੀ ਰਾਸ਼ਟਰਪਤੀ ਦੀ ਸਹੁੰ ਚੁੱਕਦੇ ਵੇਖਿਆ। ਉਨ੍ਹਾਂ ਦਾ ਅਹੁਦਾ ਸੰਭਾਲਣਾ ਦੇਸ਼ ਲਈ ਇਤਿਹਾਸਕ ਪਲ ਹੈ। ਮੈਂ ਉਨ੍ਹਾਂ ਨੂੰ ਰਾਸ਼ਟਰਪਤੀ ਕਾਰਜਕਾਲ ਲਈ ਸ਼ੁੱਭਕਾਮਨਾਵਾਂ ਦਿੰਦਾ ਹਾਂ।'

ਵਰਨਣ ਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਦ੍ਰੋਪਦੀ ਮੁਰਮੂ ਨੂੰ ਨੈਸ਼ਨਲ ਡੈਮੋਕ੍ਰੇਟਿਕ ਅਲਾਇੰਸ (ਐੱਨ ਡੀ ਏ) ਵੱਲੋਂ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾਇਆ ਸੀ। ਉਨ੍ਹਾਂ ਨੇ ਚੋਣ ਜਿੱਤੀ ਤੇ ਅੱਜ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਕੇ ਓਡੀਸ਼ਾ ਦੇ ਮਯੂਰਭੰਜ ਦੇ ਛੋਟੇ ਜਿਹੇ ਪਿੰਡ ਤੋਂ ਉੱਠ ਕੇ ਉਨ੍ਹਾਂ ਨੇ ਰਾਸ਼ਟਰਪਤੀ ਬਣਨ ਤੱਕ ਸਫ਼ਰ ਤੈਅ ਕੀਤਾ ਹੈ।ਦ੍ਰੋਪਦੀਮੁਰਮੂ ਆਜ਼ਾਦੀ ਤੋਂ ਬਾਅਦ ਪੈਦਾ ਹੋਈ ਪਹਿਲੀ ਅਤੇ ਸਭ ਤੋਂ ਘੱਟ ਉਮਰ ਦੀ ਰਾਸ਼ਟਰਪਤੀ ਹੈ।ਉਨ੍ਹਾ ਦਾ ਜਨਮ 20 ਜੂਨ 1958 ਨੂੰ ਹੋਇਆ ਸੀ। ਇਸ ਤੋਂ ਪਹਿਲਾਂ ਸਭ ਤੋਂ ਛੋਟੀ ਉਮਰ ਵਿੱਚ ਰਾਸ਼ਟਰਪਤੀ ਬਣਨ ਦਾ ਰਿਕਾਰਡ ਨੀਲਮ ਸੰਜੀਵਾ ਰੈੱਡੀ ਦਾ ਸੀ।ਦ੍ਰੋਪਦੀ ਮੁਰਮੂ ਨੇ 1994 ਤੋਂ 1997 ਤੱਕ ਰਾਏਰੰਗਪੁਰ ਵਿੱਚ ਸ੍ਰੀ ਅਰਬਿੰਦੋ ਇੰਟੇਗ੍ਰੇਟੇਲ ਐਜੂਕੇਸ਼ਨ ਐਂਡ ਰਿਸਰਚ ਵਿੱਚਟੀਚਰਦਾ ਕੰਮ ਕੀਤਾ ਸੀ। 1997 ਵਿੱਚ ਉਨ੍ਹਾਂ ਨੇ ਨੋਟੀਫਾਈਡ ਏਰੀਆ ਕੌਂਸਲ ਵਿੱਚ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਅਤੇ ਜਿੱਤੇ ਸਨ, ਜਿਸ ਦੇ ਬਾਅਦ ਰਾਜਨੀਤੀ ਵਿੱਚ ਸਰਗਰਮ ਹੋਣ ਦੇ ਨਾਲ ਉਹ ਹੌਲੀ-ਹੌਲੀ ਅੱਗੇ ਵਧਦੇ ਹੋਏ ਅੱਜ ਰਾਸ਼ਟਰਪਤੀ ਭਵਨ ਤੱਕ ਜਾ ਪੁੱਜੇ ਹਨ।

# ਹੈਮਿਲਟਨ ਦੇ ਮੇਅਰ ਦੀ ਚੋਣ ਲੜਨ ਸਬੰਧੀ ਅੱਜ ਐਲਾਨ ਕਰ ਸਕਦੀ ਹੈ ਹੌਰਵਥ

ਹੈਮਿਲਟਨ, 25 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੀ ਸਾਬਕਾ ਐਨਡੀਪੀ ਆਗੂ ਐਂਡਰੀਆ ਹੌਰਵਥ ਵੱਲੋਂ ਹੈਮਿਲਟਨ ਦੇ ਮੇਅਰ ਦੀ ਚੋਣ ਲੜਨ ਸਬੰਧੀ ਮੰਗਲਵਾਰ ਨੂੰ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।



2004 ਵਿੱਚ ਪ੍ਰੋਵਿੰਸ਼ੀਅਲ ਪਾਲੀਟਿਕਸ ਵਿੱਚ ਪੈਰ ਧਰਨ ਤੋਂ ਪਹਿਲਾਂ ਕਈ ਸਾਲ ਹੌਰਵਥ ਹੈਮਿਲਟਨ ਸਿਟੀ ਕਾਊਂਸਲਰ ਰਹੀ। ਹੌਰਵਥ 2004 ਵਿੱਚ ਐਮਪੀਪੀ ਚੁਣੀ ਗਈ। 2009 ਵਿੱਚ ਉਹ ਓਨਟਾਰੀਓ ਐਨਡੀਪੀ ਦੀ ਲੀਡਰ ਬਣੀ। ਚਾਰ ਚੋਣਾਂ ਵਿੱਚ ਉਨ੍ਹਾਂ ਆਪਣੀ ਪਾਰਟੀ ਦੀ ਅਗਵਾਈ ਕੀਤੀ। ਜੂਨ 2022 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਆਪਣੀ ਪਾਰਟੀ ਦੇ ਹਾਰਨ ਤੋਂ ਬਾਅਦ ਉਨ੍ਹਾਂ ਐਨਡੀਪੀ ਆਗੂ ਵਜੋਂ ਆਪਣਾ ਅਹੁਦਾ ਛੱਡਣ ਦਾ ਐਲਾਨ ਕੀਤਾ। ਪਰ ਉਨ੍ਹਾਂ ਉਸ ਸਮੇਂ ਆਪਣੀ ਅਗਲੀ ਯੋਜਨਾ ਬਾਰੇ ਕੋਈ ਖੁਲਾਸਾ ਨਹੀਂ ਕੀਤਾ।

ਜਾਣਕਾਰ ਸੂਤਰ ਅਨੁਸਾਰ ਉਨ੍ਹਾਂ ਵੱਲੋਂ ਮੰਗਲਵਾਰ ਨੂੰ ਇਹ ਐਲਾਨ ਕੀਤਾ ਜਾ ਸਕਦਾ ਹੈ ਕਿ ਉਹ ਹੈਮਿਲਟਨ ਦੀ ਅਗਲੀ ਮੇਅਰ ਬਣਨ ਲਈ ਚੋਣ ਲੜੇਗੀ। ਜ਼ਿਕਰਯੋਗ ਹੈ ਕਿ ਹੈਮਿਲਟਨ ਦੇ ਮੌਜੂਦਾ ਮੇਅਰ ਫਰੈਡ ਐਸਨਬਰਗਰ ਨੇ ਜੂਨ ਵਿੱਚ ਇਹ ਐਲਾਨ ਕੀਤਾ ਸੀ ਕਿ ਉਹ ਮੇਅਰ ਲਈ ਮੁੜ ਚੋਣ ਨਹੀਂ ਲੜਨਗੇ। ਉਨ੍ਹਾਂ ਇਸ ਅਹੁਦੇ ਲਈ ਢੁਕਵੇਂ ਆਗੂ ਵਜੋਂ ਹੌਰਵਥ ਦੇ ਨਾਂ ਦੀ ਸਿਫਾਰਿਸ਼ ਵੀ ਕੀਤੀ ਸੀ।

ਹੌਰਵਥ ਦੇ ਇਸ ਦੌੜ ਵਿੱਚ ਸ਼ਾਮਲ ਹੋਣ ਨਾਲ ਇੱਕ ਹਾਈ ਪ੍ਰੋਫਾਈਲ ਨਾਂ ਹੁਣ ਇਸ ਮੁਕਾਬਲੇ ਨਾਲ ਜੁੜ ਗਿਆ ਹੈ। ਹੌਰਵਥ ਤੋਂ ਇਲਾਵਾ ਇਸ ਦੌੜ ਵਿੱਚ ਸਾਬਕਾ ਮੇਅਰ ਤੇ ਲਿਬਰਲ ਐਮਪੀ ਰੌਬਰਟ ਬ੍ਰੇਟੀਨਾ, ਮੇਅਰ ਦੇ ਅਹੁਦੇ ਦੇ ਸਾਬਕਾ ਉਮੀਦਵਾਰ ਤੇ ਟੈਕਸੀ ਯੂਨੀਅਨ ਦੇ ਹੈੱਡ ਐਜਾਜ਼ ਬੱਟ ਤੇ ਹੈਮਿਲਟਨ ਚੇਂਬਰ ਆਫ ਕਾਮਰਸ ਦੇ ਸਾਬਕਾ ਸੀਈਓ ਕੀਨਿਨ ਲੂਮਿਸ ਸ਼ਾਮਲ ਹਨ। ਇਸ ਅਹੁਦੇ ਲਈ ਨਾਮਜ਼ਦਗੀਆਂ 19 ਅਗਸਤ ਨੂੰ ਬੰਦ ਹੋਣਗੀਆਂ ਤੇ ਇਸ ਸਬੰਧੀ ਚੋਣ 24 ਅਕਤੂਬਰ ਨੂੰ ਹੋਵੇਗੀ।


# ਗੱਡੀ ਖੰਭੇ ਨਾਲ ਟਕਰਾਈ, ਇੱਕ ਹਲਾਕ



ਟੋਰਾਂਟੋ, 25 ਜੁਲਾਈ (ਪੋਸਟ ਬਿਊਰੋ) : ਅੱਜ ਸਵੇਰੇ ਸਿਟੀ ਦੇ ਪੂਰਬੀ ਸਿਰੇ ਉੱਤੇ ਇੱਕ ਗੱਡੀ ਦੇ ਖੰਭੇ ਨਾਲ ਟਕਰਾ ਜਾਣ ਕਾਰਨ ਡਰਾਈਵਰ ਦੀ ਮੌਤ ਹੋ ਗਈ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇਹ ਹਾਦਸਾ ਕਿੰਗਸਟਨ ਤੇ ਸਕਾਰਬਰੋ ਗੌਲਫ ਕਲੱਬ ਰੋਡਜ਼ ਦੇ ਲਾਂਘੇ ਉੱਤੇ ਸਕਾਰਬਰੋ ਵਿਲੇਜ ਏਰੀਆ ਨੇੜੇ ਤੜ੍ਹਕੇ 4:00 ਵਜੇ ਵਾਪਰਿਆ। ਪੁਲਿਸ ਅਨੁਸਾਰ ਡਰਾਈਵਰ ਨੇ ਗੱਡੀ ਖੰਭੇ ਵਿੱਚ ਮਾਰੀ। ਟੋਰਾਂਟੋ ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਬਾਲਗ ਵਿਅਕਤੀ ਨੂੰ ਸੰਨੀਬਰੁੱਕ ਹੈਲਥ ਸਾਇੰਸ ਸੈਂਟਰ ਲਿਜਾਇਆ ਗਿਆ। ਉਸ ਨੂੰ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ।

ਇਸ ਸਮੇਂ ਸਕਾਰਬਰੋ ਗੌਲਫ ਕਲੱਬ ਰੋਡ ਦੀਆਂ ਕਿੰਗਸਟਨ ਰੋਡ ਵਾਲੀਆਂ ਪੂਰਬੀ ਲੇਨਜ਼ ਨੂੰ ਬੰਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਸਕਾਰਬਰੋ ਗੋਲਡ ਕਲੱਬ ਰੋਡ ਦੀਆਂ ਉੱਤਰ ਵਾਲੀਆਂ ਲੇਨਜ਼ ਨੂੰ ਵੀ ਮੋਟਰਿਸਟਸ ਲਈ ਬੰਦ ਕੀਤਾ ਗਿਆ ਹੈ। ਇਸ ਘਟਨਾ ਨਾਲ ਪਬਲਿਕ ਟਰਾਂਜ਼ਿਟ ਵੀ ਪ੍ਰਭਾਵਿਤ ਹੋਇਆ ਹੈ।



# ਪੰਜਾਬ ਕੇਡਰ ਦੇ ਆਈ.ਏ.ਐੱਸ. ਅਫਸਰ ਦੀ ਸਰਕਾਰੀ ਕੋਠੀ ਵਿੱਚੋਂ ਨਿੰਜੀ ਖਜ਼ਾਨਾ ਚੋਰੀ

## * ਸੋਨਾ, ਹੀਰੇ ਅਤੇ ਪੁਖਰਾਜ ਸਮੇਤ ਕਈ ਕੁਝ ਚੋਰ ਲੈ ਗਏ * ਹੈਦਰਾਬਾਦ ਤੋਂ ਵਾਪਸ ਆਉਣ ਉੱਤੇ ਪਤਾ ਲੱਗਾ



ਚੰਡੀਗੜ੍ਹ, 25 ਜੁਲਾਈ, (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਦੇ ਸੈਕਟਰ-7 ਬੀ ਵਿੱਚੋਂ ਪੰਜਾਬ ਕੇਡਰ ਦੇ ਆਈਏਐੱਸ ਅਫਸਰ ਮੋਹਨੀਸ਼ ਕੁਮਾਰ ਦੀ ਸਰਕਾਰੀ ਰਿਹਾਇਸ਼ ਤੋਂ ਹੀਰੇ, ਸੋਨੇ-ਚਾਂਦੀ ਦੇ ਗਹਿਣੇ, ਪੁਖਰਾਜ ਅਤੇ ਕੀਮਤੀ ਸਿੱਕੇ ਚੋਰੀ ਹੋ ਗਏ ਹਨ। ਇਸ ਘਟਨਾ ਵੇਲੇ ਆਈਏਐਸ ਅਫਸਰ ਮੋਹਨੀਸ਼ ਆਪਣੀ ਡਾਕਟਰ ਪਤਨੀ ਮ੍ਰਿਣਾਲਿਨੀ ਨਾਲ ਹੈਦਰਾਬਾਦ ਗਏ ਹੋਏ ਸਨ। ਉਥੋਂ ਆਏ ਤਾਂ ਚੋਰੀ ਦੀ ਸੂਚਨਾ ਮਿਲਦੇ ਸਾਰ ਉਨ੍ਹਾਂ ਨੇ ਚੰਡੀਗੜ੍ਹ ਪੁਲੀਸ ਨੂੰ ਸ਼ਿਕਾਇਤ ਦਿੱਤੀ।ਇਸ ਪਿੱਛੋਂ ਐੱਸਐੱਚਓ ਥਾਣਾ ਸੈਕਟਰ 26 ਅਤੇ ਫੋਰੈਂਸਿਕ ਟੀਮ ਨਾਲ ਉੱਚ ਅਧਿਕਾਰੀ ਪਹੁੰਚ ਗਏ।ਗੌਰਮਿੰਟ ਮੈਡੀਕਲ ਕਾਲਜ-16 ਵਿੱਚ ਮੈਡੀਕਲ ਅਫਸਰ ਡਾਕਟਰ ਮ੍ਰਿਣਾਲਿਨੀ ਦੀ ਸ਼ਿਕਾਇਤ ਉੱਤੇ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਦੇ ਕੇਸ ਦਰਜ ਕਰ ਲਿਆ ਹੈ।

ਆਈ ਏ ਐੱਸ ਅਫਸਰ ਮੋਹਨੀਸ਼ ਕੁਮਾਰ ਦੀ ਪਤਨੀ ਡਾਕਟਰ ਮ੍ਰਿਣਾਲਿਨੀ ਨੇ ਦੱਸਿਆ ਕਿ ਉਹ 19 ਜੁਲਾਈ ਨੂੰ ਦੁਪਹਿਰ 2 ਵਜੇ ਆਪਣੇ ਪਤੀ ਮੋਹਨੀਸ਼ ਕੁਮਾਰ ਨਾਲ ਨਿੱਜੀ ਕੰਮ ਹੈਦਰਾਬਾਦ ਗਈ ਤਾਂ ਪਿੱਛੋਂ ਸੈਕਟਰ-7 ਵਿੱਚ ਉਨ੍ਹਾਂ ਦੀ ਸਰਕਾਰੀ ਕੋਠੀ ਨੰਬਰ 902 ਵਿੱਚ ਚੋਰੀ ਹੋਈ ਹੈ। 24 ਜੁਲਾਈ ਨੂੰ ਦੁਪਹਿਰ 2 ਵਜੇ ਉਹ ਵਾਪਸ ਆਏ ਤਾਂ ਉਨ੍ਹਾ ਦੇ ਡਰਾਈਵਰ ਸੰਦੀਪ ਕੁਮਾਰ ਨੇ ਏਅਰਪੋਰਟ ਤੋਂ ਪਿਕਅੱਪ ਲਈ ਫੋਨ ਕਰਕੇ ਦੱਸਿਆ ਕਿ ਘਰ ਦਾ ਲੱਕੜ ਦਾ ਗੇਟ ਟੁੱਟਾ ਪਿਆ ਹੈ। ਅੰਦਰ ਜਾਣ ਉੱਤੇ ਪਤਾ ਲੱਗਾ ਕਿ ਗੋਦਰੇਜ ਸਟੀਲ ਅਲਮਾਰੀ ਤੇ ਪਹਿਲੀ ਮੰਜ਼ਲਦੇ ਲਾਕਰ ਟੁੱਟੇ ਹੋਏ ਸਨ। ਇਨ੍ਹਾਂਵਿੱਚੋਂ ਤਨਿਸ਼ਕ ਦੇ ਥੈਲੇ ਵਿੱਚ ਪਏ ਸੋਨੇ ਤੇ ਹੀਰੇ ਦੇ ਗਹਿਣੇ, ਲੱਕੜ ਦੇ ਤਰਾਸ਼ੇ ਹੋਏ ਡੱਬੇ ਆਦਿ ਚੋਰੀ ਹੋ ਗਏ।ਦੋਸ਼ੀਆਂ ਨੇ ਇੱਕ ਹੋਰ ਥਾਂਲੱਕੜ ਦੀ ਅਲਮਾਰੀ ਤੋੜ ਕੇ ਗਹਿਣੇ ਵੀ ਚੋਰੀ ਕਰ ਲਏ ਹਨ।

ਇਸ ਚੋਰੀ ਦੀ ਸ਼ਿਕਾਇਤ ਮੁਤਾਬਕ ਆਈ ਏ ਐੱਸ ਅਫਸਰ ਦੇ ਸਰਕਾਰੀ ਘਰ ਤੋਂ ਸਟੀਲ ਦੀ ਅਲਮਾਰੀਵਿੱਚੋਂ ਸੱਤ ਡਾਇਮੰਡ-ਗੋਲਡ ਕਿਟੀ ਸੈੱਟ (ਹਰੇਕ 30/40 ਗ੍ਰਾਮ), 8-10 ਸੋਨੇ ਦੀ ਚੇਨ (ਹਰੇਕ 10/20 ਗ੍ਰਾਮ), 10-12 ਹੀਰੇ-ਸੋਨੇ ਦੀਆਂ ਮੁੰਦੀਆਂ (ਹਰੇਕ 10/15 ਗ੍ਰਾਮ), ਤਿੰਨ ਹੀਰੇ ਦੀਆਂ ਚੂੜੀਆਂ, ਇੱਕ ਸੋਨੇ ਦਾ ਕੜਾ (30/40 ਗ੍ਰਾਮ), ਚਾਰ ਸੋਨੇ ਦੀਆਂ ਚੂੜੀਆਂ (1/2 ਤੋਲਾ ਹਰੇਕ), 15-20 ਚਾਂਦੀ ਦੇ ਸਿੱਕੇ, 6 ਸੋਨੇ ਦੇ ਸਿੱਕੇ (10-10 ਗ੍ਰਾਮ), ਚਾਰ ਘੜੀਆਂ ਅਤੇ ਲੱਕੜ ਦੀ ਅਲਮਾਰੀ ਵਿੱਚੋਂ ਹੀਰੇ ਦਾ ਮੰਗਲਸੂਤਰ (20 ਗ੍ਰਾਮ), ਦੋ-ਤਿੰਨ ਹੀਰੇ ਦੀਆਂ ਅੰਗੂਠੀਆਂ (10-15 ਗ੍ਰਾਮ), ਇੱਕ ਸੋਨੇ ਦੀ ਚੇਨ (10 ਗ੍ਰਾਮ), ਹੀਰੇ-ਸੋਨੇ ਸਣੇ ਪੁਖਰਾਜ (8-10 ਗ੍ਰਾਮ) ਦੀ ਚੋਰੀ ਹੋਈ ਹੈ। ਇਸ ਬਾਰੇ ਚੰਡੀਗੜ੍ਹ ਪੁਲਸ ਹਰ ਪੱਖ ਤੋਂ ਜਾਂਚ ਕਰਨ ਰੁੱਝ ਗਈ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਜੂਨ 2022 ਵਿੱਚ ਪਟਿਆਲਾ ਦੇ ਡਿਪਟੀ ਕਮਿਸ਼ਨਰ ਅਤੇ ਆਈਏਐਸ ਅਫਸਰ ਸਾਕਸ਼ੀ ਸਾਹਨੀ ਦੀ ਸੈਕਟਰ-7 ਦੀ ਸਰਕਾਰੀ ਕੋਠੀ ਦਾ ਤਾਲਾ ਤੋੜ ਕੇ ਚੋਰਾਂ ਨੇ ਦੋ ਲੱਖ ਰੁਪਏ ਨਕਦੀ, ਹੀਰੇ ਅਤੇ ਸੋਨੇ ਦੇ ਗਹਿਣੇ ਚੋਰੀ ਕਰ ਲਏ ਸਨ। ਸਵੇਰੇ ਡਿਊਟੀ ਉੱਤੇ ਪੁੱਜੇ ਪੰਜਾਬ ਪੁਲੀਸ ਦੇ ਹੌਲਦਾਰ ਹਰਨੇਕ ਸਿੰਘ ਦੀ ਸ਼ਿਕਾਇਤ ਉੱਤੇ ਸੈਕਟਰ-26 ਥਾਣੇ ਦੀ ਪੁਲਿਸ ਨੇ ਜਾਂਚ ਕਰਨ ਮਗਰੋਂ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕਰ ਲਿਆ ਸੀ, ਪਰ ਚੰਡੀਗੜ੍ਹ ਪੁਲਿਸ ਅਜੇ ਤੱਕ ਚੋਰਾਂ ਦਾ ਸੁਰਾਗ ਨਹੀਂ ਲੱਭ ਸਕੀ।

# ਰਿਸ਼ਵਤਖੋਰੀ ਦੇ ਦੋਸ਼ ਵਿੱਚ ਫਿਰੋਜ਼ਪੁਰ ਦੇ ਤਿੰਨ ਪੁਲਿਸ ਵਾਲੇ ਨੌਕਰੀ ਤੋਂ ਬਰਖਾਸਤ



ਫਿਰੋਜ਼ਪੁਰ, 25 ਜੁਲਾਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੀ ਸਰਕਾਰ ਰਿਸ਼ਵਤਖੋਰੀ ਦੇ ਮੁੱਦੇ ਉੱਤੇ ਪੁਲਸ ਦੇ ਬੇਈਮਾਨ ਅਫਸਰਾਂ ਅਤੇ ਮੁਲਾਜ਼ਮਾਂ ਦੇ ਪਿੱਛੇ ਪੈ ਗਈ ਲੱਗਦੀ ਹੈ। ਅੱਜ ਇਸ ਸਬੰਧ ਵਿੱਚ ਪੰਜਾਬ ਸਰਕਾਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਇੱਕ ਇੰਸਪੈਕਟਰ ਸਣੇ ਤਿੰਨ ਪੁਲਿਸ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣਦੇ ਹੁਕਮ ਦਿੱਤੇ ਹਨ। ਇਨ੍ਹਾਂ ਉੱਤੇ ਦੋਸ਼ ਹੈ ਕਿ ਇਨ੍ਹਾਂ ਨੇ ਦੋ ਵਿਅਕਤੀਆਂ ਨੂੰ ਨਸ਼ੇ ਦੇ ਕੇਸ ਵਿੱਚ ਫਸਾਉਣ ਦੇ ਡਰਾਵੇਨਾਲਰਿਸ਼ਵਤ ਲਈ ਸੀ। ਕੱਢੇ ਗਏ ਪੁਲਿਸ ਮੁਲਾਜ਼ਮ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ, ਏਐਸਆਈ ਅੰਗਰੇਜ਼ ਸਿੰਘ ਤੇ ਹਵਾਲਦਾਰ ਜੋਗਿੰਦਰ ਸਿੰਘ ਹਨ। ਇਹ ਸਾਰੇ ਫਿਰੋਜ਼ਪੁਰ ਨਾਰਕੋਟਿਕਸ ਕੰਟਰੋਲ ਸੈੱਲ ਵਿੱਚ ਤਾਇਨਾਤ ਸਨ। ਫਿਰੋਜ਼ਪੁਰ ਰੇਂਜ ਦੇ ਆਈਜੀਪੀ ਜਸਕਰਨ ਸਿੰਘ ਨੇ ਇੰਸਪੈਕਟਰ ਨੂੰ ਸੰਵਿਧਾਨ ਦੀ ਧਾਰਾ 311 (2) ਹੇਠ ਬਰਖਾਸਤ ਕੀਤਾ ਹੈ ਅਤੇ ਏਐਸਆਈ ਅੰਗਰੇਜ਼ ਸਿੰਘ ਅਤੇ ਹਵਾਲਦਾਰ ਜੋਗਿੰਦਰ ਸਿੰਘ ਨੂੰ ਐਸਐਸਪੀ ਫਿਰੋਜ਼ਪੁਰ ਸੁਰਿੰਦਰ ਲਾਂਬਾ ਨੇ ਬਰਖਾਸਤ ਕੀਤਾ ਹੈ ਅਤੇ ਇਨ੍ਹਾਂ ਤਿੰਨਾਂ ਵਿਰੁੱਧ ਕੇਸ ਵੀ ਦਰਜ ਕੀਤਾ ਗਿਆ ਹੈ।

ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ (ਡੀ ਜੀ ਪੀ) ਗੌਰਵ ਯਾਦਵ ਨੇ ਦੱਸਿਆ ਕਿ ਐਂਟੀ ਨਾਰਕੋਟਿਕਸ ਸੈੱਲ ਫਿਰੋਜ਼ਪੁਰ ਦੀ ਟੀਮ ਨੇ ਇੰਸਪੈਕਟਰ ਬਾਜਵਾ, ਏਐਸਆਈ ਅੰਗਰੇਜ ਅਤੇ ਹਵਾਲਦਾਰ ਜੋਗਿੰਦਰ ਦੀ ਅਗਵਾਈ ਵਿੱਚ ਹੋਰ ਪੁਲਿਸ ਵਾਲਿਆਂ ਨਾਲ ਮਿਲ ਕੇ 20 ਜੁਲਾਈ 2022 ਨੂੰ ਦੋ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਉੱਤੇ 1 ਕਿਲੋ ਹੈਰੋਇਨ ਪਾ ਕੇ ਅਤੇ ਉਨ੍ਹਾਂ ਦੇ ਕਬਜ਼ੇਤੋਂ 5 ਲੱਖ ਰੁਪਏ ਮਿਲੇਦੱਸ ਕੇ ਨਸ਼ਿਆਂ ਦਾ ਕੇਸ ਦਰਜ ਕੀਤਾ ਸੀ। ਇਸ ਪਿੱਛੋਂਇੱਕਜਣੇ ਨੇ ਉਸ ਨਾਲ ਪੁਲਿਸ ਮੁਲਾਜ਼ਮਾਂ ਵੱਲੋਂ ਲੱਖਾਂ ਰੁਪਏ ਦੀ ਹੇਰਾਫੇਰੀ ਦੀ ਸ਼ਿਕਾਇਤ ਕੀਤੀ ਸੀ। ਇਸ ਬਾਰੇ ਡੀ ਜੀ ਪੀ ਨੇਦੱਸਿਆ ਕਿ ਜਾਂਚ ਦੌਰਾਨ ਮੁੱਢਲੇ ਤੌਰ ਉੱਤੇਪਤਾ ਲੱਗਾ ਕਿ ਪੁਲਿਸ ਮੁਲਾਜ਼ਮਾਂ ਨੇ ਨਾਟਕ ਰਚਿਆ ਤੇ ਦੋਵਾਂ ਜਣਿਆਂ ਨੂੰ ਫਸਾਉਣ ਦੀ ਨੀਤ ਨਾਲ ਉਨ੍ਹਾਂ ਤੋਂ ਪੈਸੇ ਹੜੱਪੇ ਸਨ। ਉਨ੍ਹਾਂ ਕਿਹਾ ਕਿਪੁੱਛਗਿੱਛ ਦੌਰਾਨ ਇਹ ਪੁਲਿਸ ਵਾਲੇਕੋਈ ਸਪੱਸ਼ਟੀਕਰਨ ਨਹੀਂ ਦੇ ਸਕੇ ਅਤੇ ਭੇਦਭਰੇ ਢੰਗ ਨਾਲ ਫਰਾਰ ਹੋ ਗਏ, ਜਿਸ ਨਾਲ ਸ਼ੱਕ ਹੋਰ ਵਧ ਗਿਆ ਸੀ।

## ਅੱਜ ਨਾਮਾ

ਐਂਬੂਲੈਂਸ ਇੱਕ ਕੱਲ੍ਹ ਜਦ ਪੁਲਸ ਰੋਕੀ,
ਉਹਦੇ ਅੰਦਰ ਸੀ ਪਿਆ ਮਰੀਜ਼ ਮੀਆਂ।
ਨਜ਼ਰਾਂ ਨਾਲ ਤਲਾਸ਼ੀ ਜਿਹੀ ਜਦੋਂ ਮਾਰੀ,
ਗਲਤ ਕੋਈ ਨਾ ਦਿੱਸੀ ਸੀ ਚੀਜ਼ ਮੀਆਂ।
ਪੁਲਸੀਏ ਇੱਕ ਨੂੰ ਫੇਰ ਸੀ ਗੱਲ ਸੁੱਝੀ,
ਲੱਗਿਆ ਵੇਖਣ ਸੀ ਲਾ ਕੇ ਨੀਝ ਮੀਆਂ।
ਮੈਡੀਕਲ ਕਿੱਟ, ਸਿਲੰਡਰ ਨਾ ਵਿੱਚ ਲੱਭੇ,
ਕਰ'ਤੀ ਸ਼ੱਕ ਨੇ ਗੱਡੀ ਫਿਰ ਸੀਜ਼ ਮੀਆਂ।
ਫੋਲਿਆ ਗਿਆ ਬਈ ਜਦੋਂ ਸਾਮਾਨ ਸਾਰਾ,
ਸਿਰਹਾਣੇ ਅੰਦਰ ਅਫੀਮ ਸੀ ਭਰੀ ਮੀਆਂ।
ਕਰਦੀ ਸਖਤੀ ਜੇ ਪਈ ਸਰਕਾਰ ਵਾਹਵਾ,
ਜਾਂਦੇ ਬਦਮਾਸ਼ ਜੁਗਾੜ ਕਈ ਕਰੀ ਮੀਆਂ।

**ਤੀਸ ਮਾਰ ਖਾਂ**

# ਪਾਰਲੀਮੈਂਟ ਵਿੱਚ ਹੰਗਾਮਾ: ਕਾਂਗਰਸ ਦੇ ਚਾਰ ਐੱਮ ਪੀਜ਼ ਬਾਕੀ ਰਹਿੰਦੇ ਪੂਰੇ ਮਾਨਸੂਨ ਸੈਸ਼ਨ ਲਈ ਸਸਪੈਂਡ




ਨਵੀਂ ਦਿੱਲੀ, 25 ਜੁਲਾਈ, (ਪੋਸਟ ਬਿਊਰੋ)- ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਦੇਸ਼ੁਰੂ ਤੋਂ ਹੀ ਵਿਰੋਧੀ ਧਿਰ ਵੱਲੋਂ ਹੋ ਰਹੇ ਹੰਗਾਮੇ ਕਾਰਨਇੱਕ ਦਿਨ ਵੀ ਪਾਰਲੀਮੈਂਟ ਦੀ ਕਾਰਵਾਈ ਮੁਕੰਮਲ ਨਹੀਂ ਹੋ ਸਕੀ। ਇਸ ਦੌਰਾਨ ਅੱਜਇੱਕ ਵਾਰ ਫਿਰ ਵਿਰੋਧੀ ਧਿਰ ਨੇ ਪਾਰਲੀਮੈਂਟਵਿੱਚ ਹੰਗਾਮਾ ਕੀਤਾ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਦੀਆਂ ਚੇਤਾਵਨੀਆਂ ਦੇ ਬਾਵਜੂਦ ਚਾਰ ਕਾਂਗਰਸੀ ਪਾਰਲੀਮੈਂਟ ਮੈਂਬਰਾਂ ਨੂੰ ਤਖ਼ਤੀਆਂ ਦਿਖਾਉਣ ਅਤੇ ਕਾਰਵਾਈ ਵਿੱਚ ਵਿਘਨ ਪਾਉਣ ਦਾ ਕੰਮ ਜਾਰੀ ਰੱਖਿਆ ਤਾਂ ਉਨ੍ਹਾਂ ਚਾਰਾਂ ਨੂੰ ਬਾਕੀ ਰਹਿੰਦੇ ਸੈਸ਼ਨ ਲਈ ਸਸਪੈਂਡ ਕਰ ਦਿੱਤਾ ਗਿਆ।

ਵਰਨਣ ਯੋਗ ਹੈ ਕਿ ਕਈ ਦਿਨਾਂ ਤੋਂ ਵਿਰੋਧੀ ਧਿਰ ਮਹਿੰਗਾਈ ਤੇ ਅਗਨੀਪਥ ਯੋਜਨਾ ਵਿਰੁੱਧਪਾਰਲੀਮੈਂਟ ਵਿੱਚ ਹੰਗਾਮਾ ਕਰ ਰਹੀ ਹੈ।ਉਸ ਦੀ ਮੰਗ ਹੈ ਕਿ ਸਰਕਾਰ ਇਨ੍ਹਾਂ ਮੁੱਦਿਆਂ ਉੱਤੇ ਚਰਚਾ ਕਰੇ।ਅੱਜ ਲੋਕ ਸਭਾ ਦੀ ਕਾਰਵਾਈ ਸ਼ੁਰੂ ਹੁੰਦੇ ਸਾਰ ਵਿਰੋਧੀ ਧਿਰ ਨੇ ਫਿਰ ਹੰਗਾਮਾ ਸ਼ੁਰੂ ਕਰ ਦਿੱਤਾ। ਇਸ ਕਾਰਨ ਕਾਂਗਰਸ ਦੇ ਲੋਕ ਸਭਾ ਮੈਂਬਰ ਮਣਿਕਮ ਟੈਗੋਰ, ਰਾਮਿਆ ਹਰੀਦਾਸ, ਜੋਤੀਮਣੀ ਅਤੇ ਟੀਐਨ ਪ੍ਰਤਾਪਨ ਨੂੰ ਪੂਰੇ ਮਾਨਸੂਨ ਸੈਸ਼ਨ ਲਈ ਸਸਪੈਂਡ ਕਰ ਦਿੱਤਾ ਗਿਆ ਹੈ।ਇਸ ਕਾਰਵਾਈ ਤੋਂ ਬਾਅਦਕਾਂਗਰਸ ਪਾਰਟੀ ਨੇ ਅੱਜ ਸੋਮਵਾਰ ਨੂੰ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸਾਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਕਾਂਗਰਸ ਪਾਰਟੀ ਝੁਕੇਗੀ ਨਹੀਂ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਲੋਕ ਸਭਾ ਵਿੱਚ ਕਾਂਗਰਸ ਦੇ ਉਪ ਨੇਤਾ ਗੌਰਵ ਗੋਗੋਈ ਨੇ ਕਿਹਾ ਕਿ ਕੇਂਦਰ ਸਰਕਾਰ ਸਾਡੇ ਪਾਰਲੀਮੈਂਟ ਮੈਂਬਰਾਂ ਨੂੰ ਸਸਪੈਂਡ ਕਰਕੇ ਸਾਨੂੰ ਡਰਾਉਣਾ ਚਾਹੁੰਦੀ ਹੈ। ਉਨ੍ਹਾਂ ਦੀ ਕੀ ਗਲਤੀ ਸੀ? ਉਹ ਲੋਕਾਂ ਲਈ ਅਹਿਮ ਮੁੱਦੇ ਚੁੱਕਣਾ ਚਾਹੁੰਦੇ ਸਨ। ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੇ ਕੇਂਦਰ ਸਰਕਾਰ ਉੱਤੇ ਹਮਲਾ ਕਰਦਿਆਂ ਕਿਹਾ ਕਿ ਪਾਰਲੀਮੈਂਟ ਦਾ ਕੰਮ ਠੀਕਤਰ੍ਹਾਂ ਚਲਾਉਣਾ ਸਰਕਾਰ ਦੀਜ਼ਿਮੇਵਾਰ ਹੈ।ਉਨ੍ਹਾ ਕਿਹਾ ਕਿ ਵਿਰੋਧੀ ਧਿਰ ਕਈ ਦਿਨਾਂ ਤੋਂ ਮਹਿੰਗਾਈ ਸਮੇਤ ਕਈ ਮੁੱਦਿਆਂ ਉੱਤੇ ਚਰਚਾ ਕਰਨਾ ਚਾਹੁੰਦੀ ਹੈ, ਪਰ ਉਸ ਨੂੰ ਗੱਲਬਾਤ ਲਈ ਨਹੀਂ ਬੁਲਾਇਆ ਗਿਆ, ਜਿਸ ਤੋਂ ਸਾਫ਼ ਹੈ ਕਿ ਸਰਕਾਰ ਸਦਨ ਵਿੱਚ ਚਰਚਾ ਲਈ ਤਿਆਰ ਨਹੀਂ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰਬੇਕਾਰ ਪ੍ਰੋਫੈਸ਼ਨਲਜ਼ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਮਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ।
647-218-7043
647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਚੰਡੀਗੜ੍ਹ ਨੇੜੇ ਸਿਸਵਾਂ ਵਿਚਲੀ 125 ਏਕੜ ਜ਼ਮੀਨ ਨਾਜਾਇਜ਼ ਕਬਜ਼ੇ ਤੋਂ ਛੁਡਾਈ

*** ਮੰਤਰੀ ਕੁਲਦੀਪ ਧਾਲੀਵਾਲ ਦੀ ਨਿਗਰਾਨੀ ਹੇਠ ਕਾਰਵਾਈ**



ਐੱਸ ਏ ਐੱਸ ਨਗਰ, 25 ਜੁਲਾਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਅੱਜ ਫਿਰ ਇੱਕ ਵੱਡੀ ਕਾਰਵਾਈ ਕੀਤੀ ਤੇ ਚੰਡੀਗੜ੍ਹ ਦੀ ਜੂਹ ਕੋਲ ਵੱਸੇ ਹੋਏ ਬਹੁ-ਚਰਚਿਤ ਪਿੰਡ ਸਿਸਵਾਂ ਦੀ 125 ਏਕੜ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾ ਕੇ ਸਰਕਾਰੀ ਕਬਜ਼ੇ ਹੇਠ ਲੈ ਲਈ ਹੈ। ਇਸ ਜ਼ਮੀਨ ਦੀ ਮਾਰਕੀਟ ਵਿੱਚ ਕੀਮਤ ਸੈਂਕੜੇ ਕਰੋੜ ਰੁਪਏ ਦੀ ਬਣਦੀ ਹੈ, ਜਿਸ ਉੱਤੇ 13 ਵਿਅਕਤੀਆਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ।

ਅੱਜ ਬਾਰੇ ਪੰਜਾਬ ਦੇ ਖੇਤੀ, ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਿਸਵਾਂ ਡੈਮ ਵਿਖੇ ਸੱਦੀ ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਉੱਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਸਿਸਵਾਂ ਪਿੰਡ ਦੀ ਇਹ ਪੰਚਾਇਤੀ ਜ਼ਮੀਨ ਕਾਨੂੰਨੀ ਪ੍ਰਕਿਰਿਆ ਨਾਲ ਨਾਜਾਇਜ਼ ਕਬਜ਼ੇ ਤੋਂ ਛੁਡਾ ਕੇ ਮਾਲ ਵਿਭਾਗ ਦੇ ਰਿਕਾਰਡ ਵਿੱਚ ਇੰ-ਦਰਾਜ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਫਾਰਮ ਹਾਊਸ ਦੇ ਨਾਲ ਦੀ ਇਸ ਜ਼ਮੀਨ ਉੱਤੇ 13 ਜਣਿਆਂਦਾ ਨਾਜਾਇਜ਼ ਸੀ, ਜਿਸ ਦੀ ਕੀਮਤ ਅੰਦਾਜ਼ਨ 2 ਜਾਂ 2.5 ਕਰੋੜ ਪ੍ਰਤੀ ਏਕੜ ਹੈ।ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿੱਚ ਸਰਕਾਰ ਇਸ ਇਲਾਕੇ ਵਿੱਚ 8 ਹਜ਼ਾਰ ਏਕੜ ਹੋਰ ਅਜਿਹੀ ਗੈਰ-ਕਾਨੂੰਨੀ ਢੰਗ ਨਾਲ ਦੱਬੀ ਹੋਈ ਜ਼ਮੀਨ ਨੂੰ ਕਾਨੂੰਨੀ ਪ੍ਰਕਿਰਿਆ ਨਾਲਛੁਡਾਵੇਗੀ।

ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਵਿਭਾਗ ਨੇ 1 ਮਈ ਨੂੰ ਆਪਣੀ ਮੁਹਿੰਮ ਚਲਾਈ ਤੇ ਜੂਨ ਤੱਕ 5 ਹਜ਼ਾਰ ਏਕੜ ਜ਼ਮੀਨ ਨਾਜਾਇਜ਼ਛੁਡਾਉਣ ਲਈ ਟੀਚਾ ਮਿੱਥਿਆ ਸੀ, ਪਰ ਵਿਭਾਗ ਨੇਜੂਨ ਤੱਕ 6100 ਏਕੜ ਜ਼ਮੀਨ ਨਾਜਾਇਜ਼ ਕਬਜ਼ਿਆਂ ਤੋਂ ਛੁਡਾਈ ਹੈ ਤੇ ਅੱਜ ਸਿਸਵਾਂ ਵਿਖੇ 125 ਏਕੜ ਜ਼ਮੀਨ ਛੁਡਾਉਣ ਨਾਲ 6225 ਏਕੜ ਜ਼ਮੀਨ ਛੁਡਾਈ ਗਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਨੇ ਜਸਟਿਸ ਕੁਲਦੀਪ ਸਿੰਘ ਵਾਲੀ ਰਿਪੋਰਟ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਅਤੇ ਉਸ ਵਿੱਚ ਜੋ ਦੱਸਿਆ ਗਿਆ ਹੈ, ਉਸਮੁਤਾਬਿਕ ਕਾਰਵਾਈ ਸ਼ੁਰੂਕੀਤੀ ਹੋਈ ਹੈ।ਇਸ ਮੌਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਖਹਿਰਾ ਵੀ ਉਨ੍ਹਾਂ ਦੇ ਨਾਲ ਸਨ।

# ਸਹੁੰ ਚੁੱਕ ਸਮਾਗਮ ਵਿੱਚ ਕਾਂਗਰਸ ਆਗੂ ਮਲਿਕਾਰਜੁਨ ਖੜਗੇ ਨੂੰ ਯੋਗ ਸੀਟ ਨਹੀਂ ਦਿੱਤੀ

*** ਵਿਰੋਧੀ ਧਿਰ ਨੇ ਰੋਸ ਵਜੋਂ ਸਪੀਕਰ ਨੂੰ ਚਿੱਠੀ ਲਿਖੀ**



ਨਵੀਂ ਦਿੱਲੀ, 25 ਜੁਲਾਈ, (ਪੋਸਟ ਬਿਊਰੋ)- ਪਾਰਲੀਮੈਂਟ ਦੇ ਸੈਂਟਰਲ ਹਾਲ ਵਿੱਚ ਅੱਜ ਭਾਰਤ ਦੀ ਨਵੀਂ ਚੁਣੀ ਗਈ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸਹੁੰ ਚੁੱਕ ਸਮਾਗਮ ਵਿੱਚ ਰਾਜ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਉਨ੍ਹਾਂ ਦੇ ਅਹੁਦੇ ਅਨੁਸਾਰ ਢੁਕਵੀਂ ਸੀਟ ਨਾ ਦਿੱਤੇ ਜਾਣ ਕਾਰਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਵਿਰੋਧ ਪ੍ਰਗਟ ਕਰਦੇ ਹੋਏ ਰਾਜ ਸਭਾ ਦੇ ਚੇਅਰਮੈਨ ਐੱਮ. ਵੈਂਕਈਆ ਨਾਇਡੂ ਨੂੰ ਚਿੱਠੀ ਲਿਖੀ ਹੈ।

ਸੀਨੀਅਰ ਕਾਂਗਰਸਨੇਤਾ ਜੈਰਾਮ ਰਮੇਸ਼ ਨੇ ਅੱਜ ਸੋਮਵਾਰ ਟਵੀਟ ਕੀਤਾ ਕਿ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਮੈਂਬਰਾਂ ਨੇ ਚੇਅਰਮੈਨ ਵੈਂਕਈਆ ਨਾਇਡੂ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਨਵੀਂ ਚੁਣੀ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ ਲਈ ਸੈਂਟਰਲ ਹਾਲ ਵਿੱਚ ਬੈਠਣ ਲਈ ਉਨ੍ਹਾਂ ਦੇ ਅਹੁਦੇ ਮੁਤਾਬਕ ਸੀਟ ਨਹੀਂ ਦਿੱਤੀ ਗਈ। ਇਨ੍ਹਾਂ ਮੈਂਬਰਾਂ ਨੇ ਕਿਹਾ ਕਿਮਲਿਕਾਰਜੁਨ ਖੜਗੇ ਕਾਫ਼ੀ ਸੀਨੀਅਰ ਨੇਤਾ ਹਨ ਅਤੇ ਜੇ ਉਨ੍ਹਾਂ ਨੂੰ ਪ੍ਰੋਟੋਕਾਲ ਮੁਤਾਬਕ ਸਨਮਾਨ ਦੇਣ ਦੀ ਪ੍ਰੰਪਰਾ ਦੀ ਅਣਦੇਖੀ ਹੋਈ ਹੈ ਤਾਂ ਅਫ਼ਸੋਸ ਦੀ ਗੱਲ ਹੈ। ਮੈਂਬਰਾਂ ਨੇ ਕਿਹਾ ਹੈ ਕਿ ਉਹ ਇਸ ਦਾ ਸਖ਼ਤ ਵਿਰੋਧ ਕਰਦੇ ਹਨ।ਫਿਰ ਵਿਰੋਧੀ ਮੈਂਬਰਾਂ ਨੇ ਸਦਨ ਵਿੱਚ ਵੀ ਇਹ ਮੁੱਦਾ ਉਠਾਇਆ। ਸਦਨ ਦੇ ਨੇਤਾ ਪਿਊਸ਼ ਗੋਇਲ ਨੇ ਇਹ ਦੋਸ਼ ਰੱਦ ਕੀਤਾ ਕਿ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੂੰ ਕੁਝ ਸਮਾਰੋਹਾਂ ਵਿੱਚਯੋਗ ਆਸਨ ਨਹੀਂ ਦਿੱਤਾ ਗਿਆ।ਉਨ੍ਹਾ ਕਿਹਾ ਕਿ ਖੜਗੇ ਨੂੰ ਪ੍ਰੋਟੋਕਾਲ ਅਨੁਸਾਰ ਸਥਾਨ ਦਿੱਤਾ ਜਾਂਦਾ ਹੈ।

# ਸ਼੍ਰੋਮਣੀ ਕਮੇਟੀ ਮੁਲਾਜ਼ਮ ਸੰਗਤਾਂ ਤੋਂ ਮਿਲੀਆਂ ਲੰਗਰ ਰਸਦਾਂ ਆਕਾਵਾਂ ਨੂੰ ਖ਼ੁਸ਼ ਕਰਨ ਏਦਾਂ ਵਰਤਦੇ ਨੇ

ਅੰਮ੍ਰਿਤਸਰ, 25 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਕਮੇਟੀ ਦੇ ਇੱਕ ਮੁਲਾਜ਼ ਦੀਆਂ ਆਡੀਓਜ਼ ਨੇ ਸ਼੍ਰੋਮਣੀ ਕਮੇਟੀ ਦੇ ਗਲਿਆਰਿਆਂ ਵਿੱਚ ਤਰਥੱਲੀ ਮਚਾ ਦਿੱਤੀ ਹੈ। ਇਸ ਦੇ ਜਨਤਕ ਹੋਣ ਪਿੱਛੋਂ ਉਕਤ ਅਧਿਕਾਰੀ ਦੀ ਬਦਲੀ ਕਰ ਦਿੱਤੀ ਗਈ ਹੈ, ਪਰ ਆਡੀਓਜ਼ ਨੇ ਦੱਸ ਦਿੱਤਾ ਹੈ ਕਿ ਕਮੇਟੀ ਅਧਿਕਾਰੀ ਸਿੱਖ ਰਹਿਤ ਮਰਿਆਦਾ ਨੂੰ ਕਿਵੇਂ ਟਿਚ ਜਾਣਦੇ ਹਨ ਤੇ ਸੰਗਤਾਂ ਵੱਲੋਂ ਸਤਿਕਾਰ ਨਾਲ ਭੇਟ ਕੀਤੀਆਂ ਲੰਗਰਾਂ ਦੀਆਂ ਰਸਦਾਂ ਵੀ ਸਿਆਸੀ ਆਕਾਵਾਂ ਦੀ ਖੁਸ਼ੀ ਲਈ ਵਰਤਦੇ ਹਨ। ਇਸ ਮੁਲਾਜ਼ਮ ਦੀਆਂ ਚਰਚਿਤ ਆਡੀਓ ਨੇ ਕਮੇਟੀ ਦੇ ਅਧਿਕਾਰੀਆਂ ਨੂੰ ਚਿੰਤਾ ਲਾ ਦਿੱਤੀ ਹੈ। ਉਕਤ ਅਧਿਕਾਰੀ ਦੀ ਸਿਆਸੀ ਪਹੁੰਚ ਬਹੁਤ ਉਪਰ ਤਕ ਹੈ। ਆਡੀਓ ਮੁਤਾਬਕ ਇਹ ਅਧਿਕਾਰੀ ਇੱਕ ਵਾਰ ਮਹਿਲਾ ਸੇਵਾਦਾਰਨੀ ਨਾਲ ਅਸ਼ਲੀਲ ਗੱਲਾਂ ਕਰਦਾ ਸੀ, ਜਿਹੜੀਆਂ ਸੁਣਨ ਵਾਲਾ ਕੰਨਾਂ ਵਿੱਚ ਉਂਗਲਾਂ ਪਾ ਲਏ।

ਦੂਜੀ ਆਡੀਓ ਮੁਤਾਬਕ ਇਸ ਅਧਿਕਾਰੀ ਨੇ ਆਪਣੇ ਸਾਥੀ ਅਧਿਕਾਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਵਿੱਚ ਬਰੈਡ ਪਕੌੜੇ ਸਪਲਾਈ ਕਰਨ ਲਈ ਸਾਰਾ ਸਮਾਨ ਸੰਗਤ ਵੱਲੋਂ ਚੜ੍ਹਤ ਆਈਆਂ ਰਸਦਾਂ ਤੋਂ ਦੇਣ ਲਈ ਕਿਹਾ ਸੀ। ਨਾਲ ਉਸ ਅਧਿਕਾਰੀ ਨੇ ਸਾਥੀ ਅਧਿਕਾਰੀ ਨੂੰ ਕਿਹਾ ਕਿ ਉਸ ਨੇ ਸੇਵਾ ਵਾਲੇ ਇੱਕ ਬਾਬੇ ਨੂੰ ਵੀ ਸਮਾਨ ਦੇਣ ਲਈ ਕਿਹਾ ਹੈ। ਆਡੀਓ ਵਿੱਚ ਅਧਿਕਾਰੀ ਨੇ ਸਾਥੀ ਅਧਿਕਾਰੀ ਨੂੰ ਦੋ ਟੀਨ ਰਿਫ਼ਾਈਂਡ, 25 ਕਿਲੋ ਵੇਸਣ ਤੇ ਤਾਜ਼ੀਆਂ ਬ੍ਰੈਡਾਂ ਭੇਜਣ ਦੇ ਨਾਲ ਇਹ ਵੀ ਕਿਹਾ ਕਿ ਇੰਨਾ ਹੀ ਸਮਾਨ ਸੇਵਾ ਵਾਲੇ ਬਾਬੇ ਨੂੰ ਕਿਹਾ ਹੈ। ਅਧਿਕਾਰੀ ਨੇ ਸਾਥੀ ਅਧਿਕਾਰੀ ਨੂੰ ਹਿਦਾਇਤ ਕੀਤੀ ਕਿ ਸਾਰਾ ਸਮਾਨ ਗੁਰਦੁਆਰਾ ਇੰਸਪੈਕਟਰ ਤੋਂ ਬਚਾਅ ਕੇ ਗੱਡੀ ਵਿੱਚ ਰੱਖਣਾ ਹੈ।

# ਮੁੱਖ ਮੰਤਰੀ ਨੇ ਮੰਤਰੀਆਂ ਦੀ ਸੀਨੀਆਰਟੀ ਤੈਅ ਕੀਤੀ

*** ਹਰਪਾਲ ਚੀਮਾ ਨੂੰ ਦੂਜਾ ਅਤੇ ਅਮਨ ਅਰੋੜਾ ਨੂੰ ਤੀਜਾ ਸਥਾਨ**

ਜਲੰਧਰ, 25 ਜੁਲਾਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਆਪਣੇ ਮੰਤਰੀਆਂ ਦੀ ਸੀਨੀਆਰਟੀ ਤੈਅ ਕਰ ਦਿੱਤੀ ਹੈ ਅਤੇ ਉਨ੍ਹਾ ਦੇ ਹੁਕਮਾਂ ਉੱਤੇ ਪੰਜਾਬ ਦੇ ਪਰਸੋਨਲ ਵਿਭਾਗ ਨੇ ਕੈਬਨਿਟ ਮੀਟਿੰਗਾਂ ਵਿੱਚਸੀਨੀਆਰਟੀਮੁਤਾਬਕ ਮੰਤਰੀਆਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ।

ਜਾਰੀ ਕੀਤੀ ਗਈ ਸੂਚੀ ਮੁਤਾ-ਬਕ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਮੁੱਖ ਮੰਤਰੀ ਤੋਂ ਬਾਅਦ ਦੂਜਾ ਸਥਾਨ ਹੈ, ਜਦੋਂ ਕਿ ਪੰਜਾਬ ਦੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਇਸ ਸੂਚੀ ਵਿੱਚ ਤੀਜੇ ਨੰਬਰ ਉੱਤੇ ਹਨ। ਇਸ ਦੇ ਬਾਅਦ ਡਾ. ਬਲਜੀਤ ਕੌਰ ਚੌਥੇ ਨੰਬਰ ਉੱਤੇ, ਗੁਰਮੀਤ ਸਿੰਘ ਮੀਤ ਹੇਅਰਪੰਜਵੇਂ, ਕੁਲਦੀਪ ਸਿੰਘ ਧਾਲੀਵਾਲਛੇਵੇਂ, ਬ੍ਰਹਮਸ਼ੰਕਰ ਜ਼ਿੰਪਾਸੱਤਵੇਂ ਉੱਤੇ, ਲਾਲਚੰਦ ਕਟਾਰੂਚੱਕ ਅੱਠਵੇਂ, ਇੰਦਰਬੀਰ ਸਿੰਘ ਨਿੱਝਰ ਨੌਂਵੇਂ, ਲਾਲਜੀਤ ਸਿੰਘ ਭੁੱਲਰ ਦਸਵੇਂ, ਹਰਜੋਤ ਸਿੰਘ ਬੈਂਸ11ਵੇਂ, ਹਰਭਜਨ ਸਿੰਘ12ਵੇਂ, ਫੌਜਾ ਸਿੰਘ ਸਰਾਰੀ 13ਵੇਂ, ਚੇਤਨ ਸਿੰਘ ਜੌੜਾਮਾਜਰਾ 14ਵੇਂ ਅਤੇ ਮਿਸ ਅਨਮੋਲ ਗਗਨ ਮਾਨ 15ਵੇਂ ਨੰਬਰ ਉੱਤੇ ਹੋਣਗੇ।ਮੰਤਰੀਆਂ ਦੀ ਸੀਨੀਆਰਟੀ ਤੈਅ ਨਾ ਹੋਣ ਕਾਰਨ ਕੈਬਨਿਟ ਮੀਟਿੰਗਾਂ ਵਿੱਚ ਮੰਤਰੀਆਂ ਨੂੰ ਅੱਗੇ-ਪਿੱਛੇ ਬੈਠਣਾ ਪੈਂਦਾ ਸੀ। ਕਈ ਵਾਰ ਸੀਨੀਅਰ ਮੰਤਰੀਆਂ ਨੂੰ ਪਿਛਲੇ ਪਾਸੇ ਬੈਠਣਾ ਪੈਂਦਾ ਸੀ, ਸੀਨੀਆਰਟੀ ਤੈਅ ਹੋਣ ਤੋਂ ਬਾਅਦ ਅਧਿਕਾਰੀਆਂ ਵੱਲੋਂ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਉਨ੍ਹਾਂ ਦੀ ਸੀਨੀਅਰਤਾ ਦੇ ਆਧਾਰ ਉੱਤੇ ਬੈਠਣ ਦਾ ਪ੍ਰਬੰਧ ਕੀਤੇ ਗਏ ਹਨ।

# ਆਈ ਏ ਐੱਸ, ਆਈ ਪੀ ਐੱਸ ਅਫ਼ਸਰਾਂ ਨੂੰ ਬੇਲੋੜੀਆਂ ਤਰੱਕੀਆਂ ਦਾ ਮੁੱਦਾ ਉੱਠਿਆ

*** ਸਰਕਾਰ ਦੇ ਖਜ਼ਾਨੇ ਉੱਤੇ ਕਰੋੜਾਂ ਦਾ ਵਾਧੂ ਬੋਝ ਪਾਇਆ ਗਿਆ * ਸਾਰੇ ਮਾਮਲੇ ਪਿਛਲੀਆਂ ਦੋ ਸਰਕਾਰਾਂ ਦੇ ਵਕਤ ਹੋਏ**

ਚੰਡੀਗੜ੍ਹ, 25 ਜੁਲਾਈ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੀ ਅਗਾਊਂ ਪ੍ਰਵਾਨਗੀ ਲੈਣ ਤੋਂ ਬਿਨਾਂ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ ਏ ਐੱਸ) ਵਿੱਚ ਚੀਫਸੈਕਟਰੀਗਰੇਡ ਦੇ 9 ਅਹੁਦਿਆਂਅਤੇ ਭਾਰਤੀ ਪੁਲਿਸ ਸੇਵਾ (ਆਈ ਪੀ ਐੱਸ) ਡਾਇਰੈਕਟਰ ਜਰਨਲ ਦੇ 7 ਅਹੁਦਿਆਂ ਉੱਤੇ ਅਫਸਰਾਂ ਨੂੰ ਪ੍ਰਮੋਟ ਕਰ ਦਿੱਤਾ। ਇਸ ਨਾਲ ਸਿਰਫ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਦੇ ਖ਼ਜ਼ਾਨੇ ਉੱਤੇ 10.31 ਕਰੋੜ ਰੁਪਏ ਦਾ ਬੋਝ ਪਿਆ ਸੀ। ਭਾਰਤ ਦੇ ਕੰਪਟਰੋਲਰ ਐਂਡ ਆਡੀਟਰ ਜਨਰਲ (ਕੈਗ) ਦੀ ਰਿਪੋਰਟ ਵਿੱਚ ਇਸ ਦਾ ਖ਼ੁਲਾਸਾ ਹੋਇਆ ਹੈ।

ਇਸ ਬਾਰੇ ਕੈਗ ਨੇ ਰਿਪੋਰਟ ਵਿੱਚ ਕਿਹਾ ਕਿ ਆਈ ਏ ਐੱਸ ਅਤੇ ਆਈ ਪੀ ਐੱਸ (ਪੇਅ) ਨਿਯਮਾਂਵਲੀ 2016 ਹੇਠ ਸਿਲੈਕਸ਼ਨ ਗਰੇਡ ਦੀਆਂ ਅਹੁਦਿਆਂ ਉੱਤੇ ਨਿਯੁਕਤੀ ਕੇਵਲ ਖਾਲੀ ਅਹੁਦੇ ਦੀਹੋ ਸਕਦੀ ਹੈ ਤੇ ਇਸ ਬਾਰੇ ਕੇਂਦਰ ਸਰਕਾਰ ਦੀ ਮਨਜ਼ੂਰੀ ਲਾਜ਼ਮੀ ਹੈ।ਕੇਂਦਰ ਦੀ ਸਹਿਮਤੀ ਤੋਂ ਬਿਨਾਂ ਕੀਤੀ ਨਿਯੁਕਤੀ ਰੱਦ ਹੋਣ ਯੋਗ ਹੋਵੇਗੀ। ਕੈਗ ਨੇ ਪ੍ਰਸੋਨਲ ਵਿਭਾਗ ਦਾ ਰਿਕਾਰਡ ਵੇਖ ਕੇ ਭੇਦ ਖੋਲ੍ਹਿਆ ਕਿ ਰਾਜ ਸਰਕਾਰ ਚੀਫਸੈਕਟਰੀ ਗਰੇਡ ਵਿੱਚ ਤਿੰਨ-ਚਾਰ ਵਾਧੂ ਅਹੁਦੇ (ਐਕਸ ਕਾਡਰ) ਬਣਾ ਸਕਦੀ ਸੀ, ਪਰ ਜਨਵਰੀ 2016 ਤੋਂ ਜੂਨ 2020 ਦੇ ਦੌਰਾਨ ਸਰਕਾਰ ਨੇ ਚੀਫਸੈਕਟਰੀ ਗਰੇਡ (ਲੈਵਲ 17) ਦੇ ਨਿਯਮਾਂ ਦਾ ਉਲੰਘਣ ਕਰਕੇ ਕੇਂਦਰ ਸਰਕਾਰ ਦੀ ਪ੍ਰਵਾਨਗੀ ਬਿਨਾਂ 9 ਅਹੁਦੇ ਘੜ ਲਏ ਸਨ। ਭਾਰਤ ਸਰਕਾਰ ਨੇ ਕੱਚੇ ਅਹੁਦੇ (ਐਕਸ ਕਾਡਰ) ਰੱਖਣ ਬਾਰੇ ਰਾਜ ਸਰਕਾਰ ਦੀ ਬੇਨਤੀ ਨਹੀਂ ਮੰਨੀ ਅਤੇ ਅਕਤੂਬਰ 2018 ਵਿੱਚ ਐਕਸ ਕਾਡਰ ਅਹੁਦੇ ਮਨਜ਼ੂਰ ਹੱਦਵਿੱਚ ਲਿਆਉਣ ਅਤੇ ਅਪੈਕਸ ਸਕੇਲ 1-1 ਦੀ ਬਰਾਬਰੀ ਰੱਖਣ ਨੂੰ ਕਿਹਾ ਸੀ, ਜਿਸ ਦੀ ਪਾਲਣਾ ਕਰਨ ਤੋਂ ਪਿਛਲੀ ਕਾਂਗਰਸ ਸਰਕਾਰ ਦੇ ਦੋਵੇਂ ਮੁੱਖ ਮੰਤਰੀ ਪਾਸਾ ਵੱਟਦੇ ਰਹੇ ਸਨ।

ਇਸੇ ਤਰ੍ਹਾਂ ਕੈਗ ਨੇਪ੍ਰਿੰਸੀਪਲਸੈਕਟਰੀ(ਹੋਮ ਐਂਡ ਜਸਟਿਸ ਵਿਭਾਗ)ਦਾਜੂਨ 2018 ਰਿਕਾਰਡ ਵੇਖਿਆ ਤਾਂ ਪਤਾ ਲੱਗਾਕਿ ਕੇਂਦਰ ਸਰਕਾਰ ਵੱਲੋਂ ਹਾਇਰ ਪ੍ਰਸ਼ਾਸਨਿਕ ਗਰੇਡ ਵਾਲੇ ਲੈਵਲ 16 ਵਿੱਚ ਡਾਇਰੈਕਟਰ ਜਨਰਲਪੁਲਿਸ (ਡੀ ਜੀ ਪੀ) ਦੀ ਇੱਕ ਅਹੁਦੇ ਦੀ ਪ੍ਰਵਾਨਗੀ ਦਿੱਤੀ ਸੀ, ਪਰ ਰਾਜ ਸਰਕਾਰ ਨੇ ਕੇਂਦਰ ਦੀ ਪ੍ਰਵਾਨਗੀ ਤੋਂ ਬਿਨਾਂ ਜਨਵਰੀ 2016 ਤੋਂ ਜੁਲਾਈ 2019 ਦੇ ਦੌਰਾਨ ਡੀ ਜੀ ਪੀ ਦੇ ਅਹੁਦਿਆਂਲਈ ਪ੍ਰਵਾਨਿਤ ਸੀਮਾਂ ਤੋਂ ਵੱਧ 1-7 ਐਕਸ ਕਾਡਰ ਡੈਪੂਟੇਸ਼ਨ ਅਹੁਦੇ ਚਲਾ ਲਏ ਸਨ। ਰਾਜ ਸਰਕਾਰ ਦੇ ਇਸ ਫ਼ੈਸਲੇ ਨਾਲ ਜਨਵਰੀ 2016 ਤੋਂ ਜੂਨ 2020 ਸਮੇਂ ਦੌਰਾਨ ਕਢਵਾਈ ਤਨਖ਼ਾਹ ਦੇ ਰੂਪ ਵਿੱਚ ਪੰਜਾਬ ਦੇ ਖਜ਼ਾਨੇ ਨੂੰ 10.31 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।













# ਸਾਊਥਾਲ 'ਚ ਤੀਆਂ ਮੌਕੇ ਜੁੜ ਰਹੇ ਹਨ ਪੰਜਾਬਣਾਂ ਦੇ ਵੱਡੇ ਇਕੱਠ

ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਬਰਤਾਨੀਆ ਦਾ ਸ਼ਹਿਰ ਸਾਊਥਾਲ ਹੁਣ 'ਪੰਜਾਬੀ ਪਿੰਡ' ਬਣਿਆ ਹੋਇਆ ਹੈ। ਆਏ ਦਿਨ ਕੋਈ ਨਾ ਕੋਈ ਮੇਲਾ, ਤਿੱਥ ਤਿਉਹਾਰ ਪੰਜਾਬ ਰੰਗਤ 'ਚ ਮਨਾਇਆ ਜਾਂਦਾ ਨਜ਼ਰੀਂ ਪੈਂਦਾ ਹੈ। ਹੁਣ ਪੰਜਾਬ 'ਚ ਤੀਆਂ ਬੇਸ਼ੱਕ ਟਾਂਵੀਆਂ ਟਾਂਵੀਆਂ ਥਾਂਵਾਂ 'ਤੇ ਲਗਦੀਆਂ ਹੋਣ, ਪਰ ਬਰਤਾਨੀਆ ਦੇ ਲਗਭਗ ਹਰ ਸ਼ਹਿਰ ਵਿੱਚ ਤੀਆਂ ਮਨਾਈਆਂ ਜਾਂਦੀਆਂ ਹਨ। ਸਾਊਥਾਲ ਦੀਆਂ ਤੀਆਂ ਦਾ ਆਪਣਾ ਵੱਖਰਾ ਮੁਕਾਮ ਹੈ। ਵੋਇਸ ਆਫ ਵੂਮੈਨ ਸੰਸਥਾ ਅਤੇ ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸਾਂਝੇ ਤੌਰ 'ਤੇ ਮਨਾਈਆਂ ਜਾਂਦੀਆਂ ਤੀਆਂ ਵਿੱਚ ਲਗਾਤਾਰ ਚਾਰ ਐਤਵਾਰ ਪੰਜਾਬਣਾਂ ਗਿੱਧੇ ਵਿੱਚ ਧੂੜ੍ਹਾਂ ਪੁੱਟਣ ਆਉਂਦੀਆਂ ਹਨ। ਪਿਛਲੇ ਹਫਤੇ ਤੋਂ ਸ਼ੁਰੂ ਹੋਈਆਂ ਤੀਆਂ 14 ਅਗਸਤ ਨੂੰ ਵਿੱਛੜ ਜਾਣਗੀਆਂ। ਨੌਰਵੁੱਡ ਹਾਲ ਸਾਊਥਾਲ ਵਿਖੇ ਹੋਈਆਂ ਤੀਆਂ ਦੇ ਉਦਘਾਟਨ ਦੀ ਰਸਮ ਕੌਂਸਲਰ ਜਸਬੀਰ ਕੌਰ ਆਨੰਦ ਨੇ ਅਦਾ ਕੀਤੀ। ਵੋਇਸ ਆਫ ਵੂਮੈਨ ਦੀ ਚੇਅਰਪਰਸਨ ਸੁਰਿੰਦਰ ਕੌਰ, ਸ਼ਿਵਚਰਨ ਸਿੰਘ ਗਿੱਲ ਮੈਮੋਰੀਅਲ ਟਰੱਸਟ ਵੱਲੋਂ ਸ਼ਿਵਦੀਪ ਕੌਰ ਢੇਸੀ ਤੇ ਅਵਤਾਰ ਕੌਰ ਵੱਲੋਂ ਤੀਆਂ ਵਿੱਚ ਪਹੁੰਚੀਆਂ ਪੰਜਾਬਣਾਂ ਨੂੰ ਹਾਰਦਿਕ ਜੀ ਆਇਆਂ ਕਿਹਾ ਗਿਆ। ਇਸ ਪ੍ਰਤੀਨਿਧ ਨਾਲ ਗੱਲਬਾਤ ਕਰਦਿਆਂ ਸੁਰਿੰਦਰ ਕੌਰ ਤੇ ਸ਼ਿਵਦੀਪ ਕੌਰ ਢੇਸੀ ਨੇ ਕਿਹਾ ਕਿ ਤੀਆਂ ਵਿਦੇਸ਼ਾਂ 'ਚ ਜੰਮੀਆਂ ਧੀਆਂ ਨੂੰ ਆਪਣੇ ਅਮੀਰ ਵਿਰਸੇ ਤੇ ਲੋਕ ਨਾਚ ਗਿੱਧੇ ਬਾਰੇ ਜਾਣਕਾਰੀ ਦੇਣ ਦਾ ਅਹਿਮ ਜਰੀਆ ਬਣਦੀਆਂ ਹਨ। ਉਹਨਾਂ ਕਿਹਾ ਕਿ ਭਾਈਚਾਰੇ ਦੇ ਸਹਿਯੋਗ ਨਾਲ ਹੁੰਦੀਆਂ ਇਹਨਾਂ ਤੀਆਂ ਵਿੱਚ ਹਰ ਵਰ੍ਹੇ ਹੋਰ ਵਧੇਰੇ ਹੋਰ ਨਿਖਾਰ ਆਉਂਦਾ ਜਾ ਰਿਹਾ ਹੈ।








# ਇਕਾਂਤ ਤੇ ਇਕਲਾਪਾ

**-ਜਗਦੀਸ਼ ਕੌਰ ਮਾਨ-**

ਉਸ ਸਮੇਂ ਬੀ ਏ ਭਾਗ ਦੂਜਾ ਦੀ ਵਿਦਿਆਰਥਣ ਸਾਂ। ਅੰਗਰੇਜ਼ੀ ਦਾ ਪੀਰੀਅਡ ਸੀ। ਪ੍ਰੋਫੈਸਰ ਬਹੁਤ ਪਿਆਰੀ ਕਵਿਤਾ Solitude ਪੜ੍ਹਾ ਰਹੇ ਸਨ। ਇਸ ਕਵਿਤਾ ਦੀ ਰਚੇਤਾ Ella Wheeler Wilcox ਹੈ। ਅਸੀਂ ਬੜੀ ਦਿਲਚਸਪੀ ਨਾਲ ਸਾਰੇਕਵਿਤਾ ਦਾ ਆਨੰਦ ਮਾਣ ਰਹੇ ਸਾਂ ਕਿ ਇੱਕ ਮੁੰਡੇ ਨੇ ਖੜ੍ਹੇ ਹੋ ਕੇ ਅਚਾਨਕ ਹੀ ਪ੍ਰੋਫੈਸਰ ਨੂੰ ਸਵਾਲ ਕਰ ਦਿੱਤਾ, ''ਸਰ! Solitude ਅਤੇ Loneliness ਵਿੱਚ ਕੀ ਫਰਕ ਹੁੰਦੈ?'' ਪ੍ਰੋਫੈਸਰ ਨੇ ਇਸ ਸਵਾਲ ਦਾ ਜਵਾਬ ਇੰਨੇ ਵਿਸਥਾਰ ਅਤੇ ਦਿਲਚਸਪ ਢੰਗ ਨਾਲ ਦਿੱਤਾ ਕਿ ਸਾਨੂੰ ਕਵਿਤਾ ਦੀਆਂ ਸਤਰਾਂ ਭੁੱਲ ਗਈਆਂ ਕਿ ਕਿੰਨੀਆਂ ਕੁ ਪੜ੍ਹ ਲਈਆਂ ਹਨ ਤੇ ਕਿੰਨੀਆਂ ਕੁ ਬਾਕੀ ਰਹਿੰਦੀਆਂ ਹਨ ਤੇ ਇਸ ਕਵਿਤਾ ਦਾ ਕੇਂਦਰੀ ਭਾਵ ਕੀ ਹੈ? ਉਂਝ ਪ੍ਰੋਫੈਸਰ ਦੀ ਵਿਆਖਿਆ ਦਾ ਅੱਖਰ ਅੱਖਰ ਅਜੇ ਤੱਕ ਯਾਦ ਹੈ। ਉਨ੍ਹਾਂ ਦੱਸਿਆ ਕਿ ਜਦੋਂ ਕੋਈ ਬੰਦਾ ਇਕੱਲਾ ਹੋਵੇ, ਇਕੱਲਤਾ ਉਸ ਨੂੰ ਤੜਫਾ ਰਹੀ ਹੋਵੇ, ਉਚਾਟ ਹੋਇਆ ਮਨ ਕਿਸੇ ਵੀ ਕੰਮ ਵਿੱਚ ਨਾ ਲੱਗ ਰਿਹਾ ਹੋਵੇ, ਜਦੋਂ ਕਰਨ ਲਈ ਕੋਈ ਕੰਮ ਹੀ ਨਾ ਅਹੁੜਦਾ ਹੋਵੇ, ਪਰ ਅਕਾਊ ਥਕਾਊ ਵਿਹਲ ਤੋਂ ਉਹ ਬੇਹੱਦ ਬੇਚੈਨੀ ਮਹਿਸੂਸ ਕਰ ਰਿਹਾ ਹੋਵੇ, ਇਕੱਲਤਾ ਉਸ ਨੂੰ ਨਾ ਸਿਰਫ ਵੱਢ ਵੱਢ ਖਾਂਦੀ ਹੋਵੇ ਸਗੋਂ ਉਸ ਵਾਸਤੇ ਸਰਾਪ ਬਣ ਰਹੀ ਹੋਵੇ, ਕਿਸੇ ਅਣਸੁਖਾਵੀਂ ਘਟਨਾ ਵਾਪਰਨ ਦੀ ਫਜ਼ੂਲ ਜਿਹੀ ਚਿੰਤਾ ਮਨ ਵਿੱਚ ਆਲ੍ਹਣਾ ਪਾ ਬੈਠੀ ਹੋਵੇ, ਜੀਅ ਨਾ ਲੱਗਣ ਕਾਰਨ ਦਿਲ ਕਿਸੇ ਮਿੱਤਰ ਪਿਆਰੇ ਨੂੰ ਮਿਲਣ ਦੀ ਤਾਂਘ ਨਾਲ ਵਿਲਕਦਾ ਹੋਵੇ, ਮਨ ਦੀ ਉਸ ਅਵਸਥਾ ਨੂੰ Loneliness (ਇਕਲਾਪਾ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮਨ ਦੀ ਬੇਚੈਨੀ ਭਰੀ ਅਸ਼ਾਂਤ ਅਵਸਥਾ ਹੁੰਦੀ ਹੈ, ਉਦਾਸੀ ਰੋਗ ਦਿਲ ਦਿਮਾਗ ਉੱਤੇ ਹਾਵੀ ਹੋ ਰਿਹਾ ਹੁੰਦਾ ਹੈ। ਇਹੋ ਜਿਹੀ ਅਵਸਥਾ ਮਨੁੱਖ ਦੀ ਮਾਨਸਿਕ ਸਿਹਤ ਵਾਸਤੇ ਬਹੁਤ ਦੁਖਦਾਈ ਹੁੰਦੀ ਹੈ।

ਇਹ ਕਹਿੰਦਿਆਂ ਪ੍ਰੋਫੈਸਰ ਨੇ ਸਾਡੇ ਸਭ ਦੇ ਚਿਹਰਿਆਂ ਉੱਤੇ ਘੋਖਵੀਂ ਜਿਹੀ ਨਜ਼ਰ ਮਾਰੀ, ਸ਼ਾਇਦ ਇਹ ਤਸੱਲੀ ਕਰਨ ਵਾਸਤੇ ਕਿ ਜੋ ਕੁਝ ਉਹ ਬੋਲ ਰਹੇ ਹਨ, ਅਸੀਂ ਸਮਝ ਵੀ ਰਹੇ ਹਾਂ ਕਿ ਨਹੀਂ। ਥੋੜ੍ਹਾ ਰੁਕ ਕੇ ਦੁਬਾਰਾ ਬੋਲੇ, ''ਇਸ ਤੋਂ ਉਲਟ ਜਦੋਂ ਅਸੀਂ ਇਕੱਲੇ ਹੋਈਏ, ਪਰ ਮਨ ਹੁਲਾਸ ਨਾਲਪੈਲ ਪਾਉਂਦੇ ਮੋਰ ਵਾਂਗ ਝੂਮ ਰਿਹਾ ਹੋਵੇ, ਪੂਰੀ ਤਰ੍ਹਾਂ ਸ਼ਾਂਤ ਚਿੱਤ ਤੇ ਅਡੋਲ ਹੋਈਏ, ਮਨ ਸੱਜਰੇ ਖਿੜੇ ਗੁਲਾਬ ਦੇ ਫੁੱਲ ਵਾਂਗ ਆਪ ਮੁਹਾਰੇ ਮੁਸਕਰਾ ਰਿਹਾ ਹੋਵੇ, ਕਿਸੇ ਵੀ ਕਿਸਮ ਦਾ ਫਿਕਰ ਫਾਕਾ ਸਾਡੇ ਨੇੜੇ ਤੇੜੇ ਨਾ ਹੋਵੇ, ਇਹ ਅਹਿਸ-ਾਸ ਹੀ ਨਾ ਹੁੰਦਾ ਹੋਵੇ ਕਿ ਅਸੀਂ ਇਕੱਲੇ ਹਾਂ, ਸਾਡੇ ਕੋਲ ਕੋਈ ਜੀਅ ਲਵਾਉਣ ਵਾਲਾ ਹੋਣਾ ਚਾਹੀਦਾ ਹੈ। ਜਿਹੜਾ ਕੰਮ ਅਸੀਂ ਕਰਦੇ ਹੋਈਏ, ਉਸ ਦਾ ਭਰਪੂਰ ਆਨੰਦ ਮਾਣ ਰਹੇ ਹੋਈਏ ਭਾਵੇਂ ਸਿਉਂਤੇ ਹੋਏ ਕੱਪੜੇ ਉਧੇੜ ਕੇ ਫਿਰ ਕਿਉਂ ਨਾ ਸਿਉਂ ਰਹੇ ਹੋਈਏ, ਉਦਰੇਵਾਂ ਸਾਥੋਂ ਕੋਹਾਂ ਦੂਰ ਹੋਵੇ। ਇਕਾਂਤਵਾਸ ਦਾ ਲੁਤਫ ਮਾਣਦੇ ਹੋਏ ਅਸੀਂ ਖੁਸ਼ੀ ਨਾਲ ਖੀਵੇ ਹੋ ਹੋ ਜਾਈਏ, ਉਸ ਨੂੰ Solitude (ਇਕਾਂਤਵਾਸ) ਕਿਹਾ ਜਾਂਦਾ ਹੈ।

ਵਿਦਿਆਰਥੀ ਦੇ ਸਵਾਲ ਦਾ ਜਵਾਬ ਦੇ ਕੇ ਪ੍ਰੋਫੈਸਰ ਸਾਹਿਬ ਫਿਰ ਕਵਿਤਾ ਪੜ੍ਹਾਉਣ ਰੁੱਝ ਗਏ। ਇਸ ਵਿਖਿਆਨ ਦਾ ਵਾਹਵਾ ਅਸਰ ਹੋਇਆ। ਉਦੋਂ ਨਿਆਣਮੱਤ ਵੀ ਸੀ। ਇਹੋ ਜਿਹੀਆਂ ਬਰੀਕੀਆਂ ਦੀ ਬਹੁਤੀ ਸੋਝੀ ਨਹੀਂ ਸੀ।



ਅੱਜਕੱਲ੍ਹ ਸੋਚੀਦਾ, ਬਈ ਇਹ ਚੰਚਲ ਮਨ ਤਾਂ ਸਮੁੰਦਰ ਤੋਂ ਵੀ ਡੂੰਘਾ ਹੈ, ਇਸ ਦੀਆਂ ਕਲਾਬਾਜ਼ੀਆਂ ਦੀ ਥਾਹ ਕੋਈ ਅੱਜ ਤੱਕ ਨਹੀਂ ਪਾ ਸਕਿਆ। ਇਹ ਕਦੇ ਤੋਲਾ ਕਦੇ ਮਾਸਾ, ਇਕੱਲਤਾ ਤੇ ਇਕਾਂਤਵਾਸ ਇਸ ਕਲਪਨਾ ਦੇ ਸੌਦਾਗਰ ਮਨ ਦੀਆਂ ਕਾਢਾਂ ਹਨ। ਕਦੇ ਜੀਅ ਕਰਦਾ ਹੈ ਕਿ ਕੰਮ ਕਰੀ ਜਾਈਏ, ਕਰੀ ਜਾਈਏ, ਥਕਾਵਟ ਮਹਿਸੂਸ ਨਹੀਂ ਹੁੰਦੀ, ਕਦੇ ਡੱਕਾ ਭੰਨ ਕੇ ਦੂਹਰਾ ਕਰਨ ਨੂੰ ਜੀਅ ਨਹੀਂ ਕਰਦਾ। ਕਈ ਵਾਰੀ ਬਗੈਰ ਕੋਈ ਕੰਮ ਕੀਤਿਆਂ ਹੀ ਥੱਕੇ ਟੁੱਟੇ ਮਹਿਸੂਸ ਕਰਦੇ ਹਾਂ। ਇਨ੍ਹਾਂ ਸਾਰੀਆਂ ਅਵਸਥਾਵਾਂ ਨੂੰ ਅਸੀਂ ਪੜ੍ਹਿਆਂ ਲਿਖਿਆਂ ਨੇ ਮੂਡ ਦਾ ਨਾਂਅ ਦਿੱਤਾ ਹੋਇਆ ਹੈ। ਜਦੋਂ ਮੂਡ ਵਿਗੜਿਆ ਹੋਵੇ, ਉਦੋਂ ਅਸੀਂ ਸੋਚਦੇ ਰਹਿ ਜਾਂਦੇ ਹਾਂ ਕਿ ਅੱਜ ਪਤਾ ਨਹੀਂ ਕੀ ਕਾਰਨ ਹੈ, ਕਿਤੇ ਜੀਅ ਜਿਹਾ ਹੀ ਨਹੀਂ ਲੱਗਦਾ।

ਗੰਭੀਰ ਸੋਚ ਵਾਲੇ ਬੰਦਿਆਂ ਨੂੰ ਸਦਾ ਰੁੱਝੇ ਰਹਿਣ ਦੀ ਆਦਤ ਹੁੰਦੀ ਹੈ। ਉਹ ਪਸ਼ੇਮਾਨ ਹੋਏ ਮਨ ਨੂੰ ਆਹਰੇ ਲਾਉਣ ਦੀ ਕੋਈ ਨਾ ਕੋਈ ਜੁਗਤ ਕੱਢ ਲੈਂਦੇ ਹਨ। ਜਦੋਂ ਉਦਾਸ ਮਨ ਨਿੱਕੇ ਨਿੱਕੇ ਆਹਰਾਂ ਵਿੱਚ ਲੱਗ ਜਾਵੇ ਤਾਂ ਇਸ ਨੂੰ ਉਹ ਸਮੱਸਿਆ ਭੁੱਲ ਜਾਂਦੀ ਹੈ ਜਿਸ ਕਰ ਕੇ ਪਰੇਸ਼ਾਨ ਸੀ। ਸਕਾਰਾਤਮਕ ਸੋਚ ਤੇ ਨਿੱਗਰ ਇੱਛਾ ਸ਼ਕਤੀ ਇਕਲਾਪਾ ਪਾਰ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਲਗਾਤਾਰ ਦੁਸ਼ਵਾਰੀਆਂ ਨਾਲ ਜੂਝਦੇ ਰਹਿਣ ਕਾਰਨ ਕੋਈ ਵੇਲਾ ਸੀ ਜਦੋਂ ਮੈਂ ਵੀ ਢੇਰੀ ਢਾਹ ਬੈਠੀ ਸਾਂ, ਕੁਝ ਕਰਨ ਨੂੰ ਦਿਲ ਨਹੀਂ ਸੀ ਕਰਦਾ। ਮਨ ਹਰ ਵਕਤ ਉਦਾਸ ਤੇ ਬੁਝਿਆਂ ਰਹਿੰਦਾ। ਖਿਝੇ ਰਹਿਣਾ ਮੇਰਾ ਸੁਭਾਅ ਬਣ ਗਿਆ ਸੀ। ਫਿਰ ਲਿਖਣ ਪੜ੍ਹਨ ਦਾ ਪੁਰਾਣਾ ਸ਼ੌਕ ਮਨ ਵਿੱਚ ਜਾਗ ਪਿਆ ਤੇ ਮੈਂ ਦੁਬਾਰਾ ਕਲਮ ਚੁੱਕ ਲਈ। ਬਹੁਤ ਸਾਧਾਰਨ ਸ਼ਬਦਾਂ ਵਿੱਚ ਆਪਣੇ ਮਨ ਦੇ ਵਲਵਲੇ ਲਿਖ ਕੇ ਦੱਸਦੀ ਰਹਿੰਦੀ ਹਾਂ। ਆਪਣੇ ਪਸੰਦੀਦਾ ਕੰਮ ਵਿੱਚ ਲੱਗੀ ਹੋਈ ਇਕਾਂਤਵਾਸ ਦਾ ਆਨੰਦ ਮਾਣਦੀ ਹਾਂ ਤੇ 'ਵਿਹਲਾ ਮਨ ਟਕਸਾਲ ਦੀ ਜੜ੍ਹ' ਵਰਗੀ ਅਲਾਮਤ ਤੋਂ ਬਚ ਜਾਂਦੀ ਹਾਂ।




## ਸੋਨੇ ਦੇ ਪਿੰਜਰੇ ਵਿੱਚ ਇੱਕ ਹੋਰ ਦਿਨ



ਅਭੀਰਾਜ ਸਿੰਘ ਗੋਦਾਰਾ
ਜਮਾਤ ਸੱਤਵੀਂ
ਕਾਨਵੈਂਟ ਸਕੂਲ, ਬਠਿੰਡਾ

ਹਰ ਰੋਜ਼ ਸਵੇਰੇ ਉਠ ਕਿ ਸੋਨੇ ਦਾ ਪਿੰਜਰਾ, ਜਿਸ ਵਿੱਚ ਮੈ ਕੈਦਾ ਹਾਂ, ਦੇਖਣ ਨੂੰ ਮਿਲਦਾ ਹੈ। ਮੇਰਾ ਮਾਲਕ ਬੜੇ ਸੋਹਣੇ ਜਿਹੇ ਭਾਂਡੇ ਵਿੱਚ ਮੈਨੂੰ ਸਵਾਦਿਸ਼ਟ ਖਾਣਾ ਖਾਣ ਨੂੰ ਦਿੰਦਾ। ਹਰ ਕੋਈ ਇਹੋ ਜਹੀ ਜ਼ਿੰਦਗੀ ਨੂੰ ਲੋਚਦਾ ਹੈ, ਪਰ ਮੇਰਾ ਮਨ ਉਦਾਸ ਹੁੰਦਾ ਜਦੋਂ ਮੈਂ ਬਰਾਂਡੇ ਵਿੱਚ ਬੈਠਾ ਆਪਣੇ ਸਾਥੀਆਂ ਦੀਆਂ ਅਵਾਜ਼ਾਂ ਸੁਣਦਾ ਅਤੇ ਦੂਜੇ ਜਾਨਵਰਾਂ ਦੀਆਂ ਡਾਰਾਂ ਨੂੰ ਉਪਰੋਂ ਲੰਘਦਾ ਵੇਖਦਾ। ਮੇਰਾ ਮਨ ਕਰਦਾ ਕਿ

ਕਾਸ਼ ਮੈਂ ਵੀ ਆਜ਼ਾਦ ਹੋਵਾਂ ਇਹਨਾਂ ਵਾਂਗ ਖੁੱਲ੍ਹੀਆਂ ਫਿਜਾਵਾਂ ਵਿੱਚ ਉਡਾਂ ਪਰ ਮੇਰਾ ਦਰਦੇ ਹਾਲ ਨਾ ਹੀ ਮੇਰਾ ਮਾਲਕ ਸੁਣਦਾ ਹੈ ਨਾ ਕੋਈ ਹੋਰ ਆਉਣ ਜਾਣ ਵਾਲਾ ਇਨਸਾਨ, ਇੰਜ ਲੱਗਦਾ ਕਿ ਜਿਵੇਂ ਮਨੁੱਖ ਖੁੱਦ ਗਰਜ਼ ਹੋ ਗਿਆ ਹੈ। ਪਰ ਮੇਰੀ ਆਜ਼ਾਦੀ ਦੀ

ਉਮੀਦ ਉਦੋਂ ਟੁੱਟੀ ਜਦੋਂ ਮੈਂ ਆਪਣੇ ਮਾਲਕ ਦੀ ਜ਼ਿੰਦਗੀ ਸਮਝਣੀ ਸ਼ੁਰੂ ਕੀਤੀ, ਉਦੋਂ ਪਤਾ ਲੱਗਾ ਕਿ ਇਹ ਤਾਂ ਆਪ ਹੀ ਮੋਹ ਮਾਇਆ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਹੈ। ਹਰ ਕਿਸੇ ਦਾ ਕੋਈ ਨਾ ਕੋਈ ਮਨੁੱਖੀ ਰੂਪ ਵਿੱਚ ਆਕਾ ਹੈ, ਜਦਕਿ ਉਸ ਸਿਰਜਣ ਹਾਰ ਨੂੰ ਸਭ ਭੁੱਲੇ ਬੈਠੇ ਹਨ ਜੋ ਸਾਰੀ ਕਾਈਨਾਤ ਦਾ ਹੁਕਮਰਾਨ ਹੈ। ਜੇ ਕੋਈ ਆਜ਼ਾਦ ਹੋਣ ਦੀ ਸੋਚਦਾ ਹੈ ਤਾਂ ਉਸਦੀ ਸੋਚ ਨੂੰ ਕੁਚਲ ਦਿੱਤਾ ਜਾਂਦਾ ਹੈ। ਉਸ ਦਿਨ

ਤੋਂ ਮੇਰੀ ਰਿਹਾਈ ਦੀ ਉਮੀਦ ਟੁੱਟੀ ਤੇ ਇਹ ਸਮਝ ਆਈ ਜਿੰਨ੍ਹਾਂ ਨੇ ਮੈਨੂੰ ਪਿੰਜਰੇ ਵਿੱਚ ਪਾਇਆ ਹੈ ਉਹ ਮੇਰੇ ਤੋਂ ਵੀ ਵੱਡੇ ਪਿੰਜਰੇ ਵਿੱਚ ਕੈਦ ਹਨ। ਰੱਬ ਨੂੰ ਅਰਦਾਸ ਕਰਦਾ ਹਾਂ ਕਿ ਦੁਨੀਆਂ ਨੂੰ ਸੁਮੱਤ ਬਖਸ਼ੇ ਤਾਂ ਜੋ ਇਹ ਆਜ਼ਾਦ ਸੋਚ ਦੇ ਮਲਾਕ ਬਣਨ ਤਾਂ ਹੀ ਸ਼੍ਰਿਸਟੀ ਦਾ ਉਧਾਰ ਹੋ ਸਕੇਗਾ ।

## ਹਲਕਾ ਫੁਲਕਾ

ਵਿਆਹ ਵਿੱਚ ਪੱਪੂ ਬੜੀ ਦੇਰ ਤੋਂ ਖਾਣਾ ਖਾ ਰਿਹਾ ਸੀ...
ਕਿਸੇ ਨੇ ਪੁੱਛਿਆ, ''ਓਏ! ਹੋਰ ਕਿੰਨਾ ਖਾਵੇਂਗਾ?''
ਪੱਪੂ, ''ਜੀ, ਮੈਂ ਖਾਂਦੇ-ਪੀਂਦੇ ਪ੍ਰੇਸ਼ਾਨ ਹੋ ਗਿਆ ਹਾਂ, ਪਰ ਕੀ ਕਰਾਂ ਵਿਆਹ ਦੇ ਕਾਰਡ ਵਿੱਚ ਲਿਖਿਆ ਹੈ ਕਿ ਖਾਣਾ ਖਾਣ ਦਾ ਸਮਾਂ ਸੱਤ ਤੋਂ 10 ਵਜੇ ਤੱਕ।''

********

ਪਤੀ, ''ਇਸ ਮਹੀਨੇ ਮੈਂ ਤੈਨੂੰ ਇੱਕ ਪੈਸਾ ਵੀ ਨਹੀਂ ਦੇਵਾਂਗਾ।''
ਪਤਨੀ, ''ਤੁਸੀਂ ਬਸ ਮੈਨੂੰ ਪੰਜ ਸੌ ਰੁਪਏ ਉਧਾਰ ਦੇ ਦਿਓ, ਤੁਹਾਡੀ ਸੈਲਰੀ ਮਿਲਣ ਉਤੇ ਤੁਹਾਨੂੰ ਵਾਪਸ ਕਰ ਦੇਵਾਂਗਾ।''

********

ਨੌਕਰਾਣੀ, ''ਮਾਲਕਣ, ਮੈਨੂੰ 10 ਦਿਨ ਦੀ ਛੁੱਟੀ ਚਾਹੀਦੀ ਹੈ।''
ਮਾਲਕਣ, ''ਜੇ ਤੂੰ ਛੁੱਟੀ ਚਲੀ ਜਾਵੇਂਗੀ ਤਾਂ ਸਾਹਿਬ ਦਾ ਨਾਸ਼ਤਾ ਕੌਣ ਬਣਾਏਗਾ, ਟਿਫਨ ਕੌਣ ਪੈਕ ਕਰੇਗਾ, ਕੱਪੜੇ ਕੌਣ ਧੋਵੇਂਗਾ, ਉਨ੍ਹਾਂ ਨੂੰ ਟਾਈਮ ਉਤੇ ਦਵਾਈ ਕੌਣ ਦੇਵੇਗਾ?''
ਨੌਕਰਾਣੀ, ''ਠੀਕ ਹੈ ਤਾਂ ਫਿਰ ਮੈਂ ਮਾਲਕ ਨੂੰ ਵੀ ਆਪਣੇ ਨਾਲ ਲੈ ਜਾਂਦੀ ਹਾਂ।''

# ਔਰਤਾਂ ਦੇ ਹੁਨਰ ਅਤੇ ਰੁਜ਼ਗਾਰ, ਭਾਰਤ ਦੀ ਤਰੱਕੀ ਦਾ ਆਧਾਰ

ਭਾਰਤ ਵਿੱਚ ਜ਼ਿਆਦਾਤਰ ਔਰਤਾਂ ਨੂੰ ਨਾ ਤਾਂ ਸਮਾਜਿਕ ਸੁਰੱਖਿਆ ਹੈ ਅਤੇ ਨਾ ਹੀ ਨੌਕਰੀ ਦੀ ਸੁਰੱਖਿਆ। ਔਰਤਾਂ ਨੂੰ ਆਮ ਤੌਰ 'ਤੇ ਘੱਟ ਹੁਨਰ ਅਤੇ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ 'ਤੇ ਲਗਾਇਆ ਜਾਂਦਾ ਹੈ। ਹੁਨਰ ਪ੍ਰੋਗਰਾਮਾਂ ਵਿੱਚ ਜੀਵਨ ਹੁਨਰ, ਸੰਚਾਰ ਯੋਗਤਾ, ਫੈਸਲਾ ਲੈਣ ਦੀ ਸਮਰੱਥਾ ਅਤੇ ਵਿਸ਼ਵਾਸ ਨੂੰ ਜੋੜਨ ਦੀ ਵੀ ਲੋੜ ਹੈ। ਇਸ ਤੋਂ ਇਲਾਵਾ, ਸਮਾਜਿਕ-ਆਰਥਿਕ ਸਹਾਇਤਾ, ਸੰਬੰਧਿਤ ਹੁਨਰ, ਗਾਰੰਟੀਸ਼ੁਦਾ ਨੌਕਰੀਆਂ ਅਤੇ ਘੱਟ ਰੁਕਾਵਟਾਂ ਲਈ ਔਰਤਾਂ-ਕੇਂਦ੍ਰਿਤ ਸਮੂਹਾਂ ਨੂੰ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਵਿੱਚ ਦਾਖਲ ਹੋਣ ਅਤੇ ਭਾਰਤ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਔਰਤਾਂ ਲਈ ਇੱਕ ਪਹੁੰਚਯੋਗ ਗੇਟਵੇ ਬਣਾਉਣਾ ਚਾਹੀਦਾ ਹੈ।



ਰਾਸ਼ਟਰੀ ਹੁਨਰ ਵਿਕਾਸ ਮਿਸ਼ਨ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਔਰਤਾਂ ਜਨਸੰਖਿਆ ਲਾਭਅੰਸ਼ ਦਾ ਅੱਧਾ ਹਿੱਸਾ ਬਣਾਉਂਦੀਆਂ ਹਨ ਅਤੇ ਔਰਤਾਂ ਦੇ ਹੁਨਰ ਦੇਸ਼ ਦੀ ਕਿਰਤ ਸ਼ਕਤੀ ਵਿੱਚ ਉਨ੍ਹਾਂ ਦੀ ਭਾਗੀਦਾਰੀ ਨੂੰ ਵਧਾਉਣ ਦੀ ਕੁੰਜੀ ਹੋ ਸਕਦੇ ਹਨ। ਅੰਕੜੇ ਦਰਸਾਉਂਦੇ ਹਨ ਕਿ ਔਰਤਾਂ ਦੀ ਕਿਰਤ ਸ਼ਕਤੀ ਦੀ ਭਾਗੀਦਾਰੀ ਪੁਰਸ਼ਾਂ ਲਈ 56.8% ਦੇ ਮੁਕਾਬਲੇ 16.9% ਹੈ; ਇਸ ਲਈ ਹੁਨਰ ਨੂੰ ਹੱਲ ਵਜੋਂ ਅੱਗੇ ਵਧਾਇਆ ਗਿਆ ਹੈ। ਔਰਤਾਂ ਨੂੰ ਰੁਜ਼ਗਾਰ ਯੋਗ ਹੁਨਰਾਂ ਨਾਲ ਲੈਸ ਕਰਨਾ ਪੁਰਸ਼ਾਂ ਨੂੰ ਹੁਨਰ-ਮੰਦ ਬਣਾਉਣ ਨਾਲੋਂ ਕਿਤੇ ਵੱਡੀ ਚੁਣੌਤੀ ਹੈ। ਭਾਰਤ ਵਿੱਚ ਜ਼ਿਆਦ-ਾਤਰ ਔਰਤਾਂ ਨੂੰ ਨਾ ਤਾਂ ਸਮਾਜਿਕ ਸੁਰੱਖਿਆ ਹੈ ਅਤੇ ਨਾ ਹੀ ਨੌਕਰੀ ਦੀ ਸੁਰੱਖਿਆ। ਔਰਤਾਂ ਨੂੰ ਆਮ ਤੌਰ 'ਤੇ ਘੱਟ ਹੁਨਰ ਅਤੇ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ 'ਤੇ ਲਗਾਇਆ ਜਾਂਦਾ ਹੈ।

ਭਾਰਤ ਵਿੱਚ, ਪੁਰਸ਼ਾਂ ਦੇ ਮੁਕਾ-ਬਲੇ ਮਹਿਲਾ ਕਾਮਿਆਂ ਦੀ ਇੱਕ ਉੱਚ ਪ੍ਰਤੀਸ਼ਤਤਾ ਗੈਰ ਰਸਮੀ ਅਰਥਵਿਵਸਥਾ ਦਾ ਹਿੱਸਾ ਹੈ, ਜਿਸ ਵਿੱਚੋਂ 94 ਪ੍ਰਤੀਸ਼ਤ ਔਰਤਾਂ ਗੈਰ ਰਸਮੀ ਖੇਤਰ ਵਿੱਚ ਕੰਮ ਕਰਦੀਆਂ ਹਨ। ਉੱਚ ਅਨੌਪਚਾਰਿਕਤਾ ਨਵੇਂ ਹੁਨਰਾਂ ਦੀ ਘਾਟ ਵੱਲ ਖੜਦੀ ਹੈ, ਨਵੀਆਂ ਨੌਕਰੀਆਂ ਪੈਦਾ ਨਹੀਂ ਹੁੰਦੀਆਂ ਹਨ, ਜਿਸ ਕਾਰਨ ਕਰਮਚਾਰੀਆਂ ਦੀ ਘਾਟ ਹੁੰਦੀ ਹੈ। ਮਹਿਲਾ ਕਰਮਚਾਰੀਆਂ ਦੇ ਮਾਮਲੇ ਵਿੱਚ, ਵਿਆਪਕ ਗੈਰ-ਰਸਮੀਤਾ ਨੂੰ ਹੋਰ ਚੁਣੌਤੀਆਂ ਵਿੱਚ ਜੋੜਿਆ ਜਾਂਦਾ ਹੈ ਜੋ ਉਹਨਾਂ ਨੂੰ ਕੰਮ ਵਿੱਚ ਹਿੱਸਾ ਲੈਣ ਤੋਂ ਰੋਕਦੀਆਂ ਹਨ - ਜਿਵੇਂ ਕਿ ਪਰਿਵਾਰ ਅਤੇ ਦੇਖਭਾਲ ਦਾ ਬੋਝ, ਪ੍ਰਤਿਬੰਧਿਤ ਸਮਾਜਿਕ ਨਿਯਮ ਅਤੇ ਗਤੀਸ਼ੀਲਤਾ 'ਤੇ ਸੀਮਾਵਾਂ। ਅਸੀਂ ਦੇਖਦੇ ਹਾਂ ਕਿ ਹੁਨਰ ਸਿਖਲਾਈ ਵਿੱਚ ਵੀ ਇੱਕ ਲਾਜ਼ਮੀ ਲਿੰਗ ਪਾੜਾ ਹੈ।

ਇਸ ਸਭ ਦੇ ਬਾਵਜੂਦ, ਔਰਤਾਂ ਦੇ ਹੁਨਰ ਲਈ ਸਰਕਾਰ ਦੀ ਪਹਿਲਕਦਮੀ ਦੇ ਨਤੀਜੇ ਵਜੋਂ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈ.) ਵਿੱਚ 30 ਪ੍ਰਤੀਸ਼ਤ ਸੀਟਾਂ ਔਰਤਾਂ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਔਰਤਾਂ ਲਈ ਵਿਸ਼ੇਸ਼ ਰਾਸ਼ਟਰੀ ਹੁਨਰ ਸਿਖਲਾਈ ਸੰਸਥਾਵਾਂ ਦੋ ਸਕੀਮਾਂ ਅਧੀਨ ਸਿਖਲਾਈ ਪ੍ਰਦਾਨ ਕਰਦੀਆਂ ਹਨ; ਕਰਾਫਟਸਮੈਨ ਟ੍ਰੇਨਿੰਗ ਸਕੀਮ (ਸੀਟੀਐਸ) ਅਤੇ ਕਰਾਫਟ ਇੰਸਟ੍ਰਕਟਰ ਟਰੇਨਿੰਗ ਸਕੀਮ (ਸੀਆਈਟੀਐਸ)। ਇਹਨਾਂ ਦੇ ਨਾਲ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ () ਥੋੜ੍ਹੇ ਸਮੇਂ ਦੀ ਹੁਨਰ ਸਿਖਲਾਈ ਪ੍ਰਦਾਨ ਕਰਦੀ ਹੈ ਅਤੇ ਅਧੀਨ ਲਗਭਗ 50 ਪ੍ਰਤੀਸ਼ਤ ਉਮੀਦਵਾਰ ਔਰਤਾਂ ਹਨ।

ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਆਪਣੇ ਤੀਜੇ ਪੜਾਅ ਵਿੱਚ ਹੈ ਅਤੇ ਇਸ ਸਮੇਂ ਦੌਰਾਨ ਕਰੋੜਾਂ ਔਰਤਾਂ ਨੂੰ ਸਿਖਲਾਈ ਦਿੱਤੀ ਗਈ ਹੈ। ਦੀਨ ਦਿਆਲ ਉਪਾਧਿਆਏ ਗ੍ਰਾਮੀਣ ਕੌਸ਼ਲ ਯੋਜਨਾ, ਪੇਂਡੂ ਨੌਜਵਾਨਾਂ ਲਈ ਪਲੇਸਮੈਂਟ ਨਾਲ ਜੁੜਿਆ ਹੁਨਰ ਵਿਕਾਸ ਪ੍ਰੋਗਰਾਮ, ਔਰਤਾਂ ਲਈ 33 ਪ੍ਰਤੀਸ਼ਤ ਰਾਖਵਾਂਕਰਨ ਪ੍ਰਦਾਨ ਕਰਦਾ ਹੈ। ਰੋਜ਼ੀ-ਰੋਟੀ ਵਧਾਉਣ ਲਈ ਹੁਨਰ ਪ੍ਰਾਪਤੀ ਅਤੇ ਗਿਆਨ ਜਾਗਰੂਕਤਾ (ਸੰਕਲਪ) ਯੋਜਨਾ ਦਾ ਉਦੇਸ਼ ਛੋਟੀ ਮਿਆਦ ਦੀ ਵੋਕੇਸ਼ਨਲ ਸਿਖਲਾਈ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣਾ ਹੈ। ਇਹ ਵਰਗੀਆਂ ਹੁਨਰ ਸਿਖਲਾਈ ਯੋਜਨਾਵਾਂ ਲਈ ਇੱਕ ਸਹਾਇਕ ਪ੍ਰੋਗਰਾਮ ਹੈ। ਭਾਰਤ ਵਿੱਚ, 4 ਵਿੱਚੋਂ 3 ਔਰਤਾਂ ਕੰਮ ਨਹੀਂ ਕਰਦੀਆਂ ਹਨ, ਹਾਲਾਂਕਿ ਸਾਖਰਤਾ ਦਰ ਵਿੱਚ ਲਗਾਤਾਰ ਵਾਧਾ ਹੋਇਆ ਹੈ। ਕੀ ਹੁਨਰ, ਜੀਵਨ ਅਤੇ ਸਿੱਖਣ ਦੀ ਸਹਾਇਤਾ ਅਤੇ ਨੌਕਰੀਆਂ ਦੀ ਗਰੰਟੀ ਇਸ ਨੂੰ ਬਦਲ ਸਕਦੀ ਹੈ?

ਨੈਸ਼ਨਲ ਅਪ੍ਰੈਂਟਿਸਸ਼ਿਪ ਪ੍ਰੋਮੋਸ਼ਨ ਸਕੀਮ ਹੁਨਰ ਅਤੇ ਪਲੇਸਮੈਂਟ ਲਈ ਅਪ੍ਰੈਂਟਿਸਸ਼ਿਪ ਮਾਡਲ ਦੀ ਪਾਲਣਾ ਕਰਦੀ ਹੈ। 2020 ਵਿੱਚ ਕੁਆਂਟਮ ਹੱਬ ਦੁਆਰਾ ਇੱਕ ਮੁਲਾਂਕਣ ਵਿੱਚ ਕਿਹਾ ਗਿਆ ਹੈ ਕਿ ਮਹਿਲਾ ਸਿਖਿਆਰਥੀਆਂ ਲਈ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਕਰਦਾ, ਜਿਵੇਂ ਕਿ ਕੰਮ ਵਾਲੀ ਥਾਂ 'ਤੇ ਸੁਰੱਖਿਆ, ਜਾਂ ਉਨ੍ਹਾਂ ਨੂੰ ਲਿੰਗ-ਅਨੁਕੂਲ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ। ਜਨ ਸਿੱਖਿਆ ਸੰਸਥਾਨ ਵਿਸ਼ੇਸ਼ ਤੌਰ 'ਤੇ ਗੈਰ-ਪੜ੍ਹਤ ਅਤੇ ਸਕੂਲ ਛੱਡਣ ਵਾਲੀਆਂ ਔਰਤਾਂ ਨੂੰ ਹੁਨਰ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਤ ਕਰਦਾ ਹੈ।

ਭਾਰਤ ਵਿੱਚ ਹੁਨਰ ਸਿਖਲਾਈ ਪ੍ਰੋਗਰਾਮ ਪਰੰਪਰਾਗਤ ਲਿੰਗ ਭੂਮਿਕਾਵਾਂ ਅਤੇ ਔਰਤਾਂ ਦੇ ਕੰਮ ਬਾਰੇ ਧਾਰਨਾਵਾਂ 'ਤੇ ਆਧਾਰਿਤ ਹਨ, ਜ਼ਿਆਦਾਤਰ ਘਰ ਨਾਲ ਸਬੰਧਤ ਕੰਮਾਂ ਅਤੇ ਦੇਖਭਾਲ ਤੱਕ ਹੀ ਸੀਮਤ ਹਨ। ਉਦਾਹਰਨ ਲਈ, ਪੀ.ਐੱਮ.ਕੇ.ਵੀ.ਵਾਈ. ਦੇ ਅਧੀਨ ਔਰਤਾਂ ਲਈ ਕੋਰਸ ਕੱਪੜੇ, ਸੁੰ-ਦਰਤਾ, ਸਿਹਤ ਅਤੇ ਸਿਹਤ ਸੰਭਾਲ ਵਰਗੇ ਖੇਤਰਾਂ 'ਤੇ ਕੇਂਦਰਿਤ ਹੁੰਦੇ ਹਨ - ਇਹ ਔਰਤਾਂ ਨੂੰ ਵਧੇਰੇ ਲਾਭਕਾਰੀ ਖੇਤਰਾਂ ਤੋਂ ਦੂਰ ਰੱਖਦਾ ਹੈ। ਔਰਤਾਂ ਲਈ ਨੈਸ਼ਨਲ ਸਕਿੱਲ ਟਰੇਨਿੰਗ ਇੰਸਟੀਚਿਊਟ ਸਿਰਫ਼ 21 ਕੋਰਸਾਂ ਦੀ ਪੇਸ਼ਕਸ਼ ਕਰਦੇ ਹਨ, ਜਦੋਂ ਕਿ ਆਮ ਆਈ.ਟੀ.ਆਈ., ਜਿੱਥੇ ਮਰਦ ਪ੍ਰਧਾਨ ਹਨ, 153 ਕੋਰਸ ਪੇਸ਼ ਕਰਦੇ ਹਨ। ਹੁਨਰ ਸਿਖਲਾਈ ਵਿੱਚ ਵਿਭਿੰਨਤਾ ਦੀ ਇਹ ਘਾਟ ਨੌਕਰੀ ਦੇ ਬਾਜ਼ਾਰ ਦੇ ਲਿੰਗ ਵੱਖਰਾਪਣ ਨੂੰ ਦਰਸਾਉਂਦੀ ਹੈ।

ਪਰ ਦੇਸ਼ ਦੀਆਂ ਬਹੁਤ ਸਾਰੀਆਂ ਐਨਜੀਓ ਔਰਤਾਂ ਨੂੰ ਅਜਿਹੀਆਂ ਨੌਕਰੀਆਂ ਵਿੱਚ ਸਿਖਲਾਈ ਦਿੰਦੀਆਂ ਹਨ ਜੋ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨ ਵਿੱਚ ਮਦਦ ਕਰਦੀਆਂ ਹਨ, ਇਸ ਤਰ੍ਹਾਂ ਉਹਨਾਂ ਨੂੰ ਰਵਾਇਤੀ ਤੌਰ 'ਤੇ ਮਰਦ-ਪ੍ਰਧਾਨ ਰਹਿਣ ਵਾਲੇ ਰੋਜ਼ੀ-ਰੋਟੀ ਤੱਕ ਪਹੁੰਚ ਪ੍ਰਦਾਨ ਕਰਦੇ ਹਨ, ਜਿਸ ਨਾਲ ਉਹਨਾਂ ਨੂੰ ਰਵਾਇਤੀ ਤੌਰ 'ਤੇ ਉਹਨਾਂ ਨੂੰ ਸੌਂਪੀਆਂ ਗਈਆਂ ਨੌਕਰੀਆਂ (ਜਿਵੇਂ ਕਿ ਘਰੇਲੂ ਸੇਵਾ) ਅਤੇ ਦੇਖਭਾਲ) ਤੱਕ ਪਹੁੰਚ ਮਿਲਦੀ ਹੈ। ਉਦਾਹਰਨ ਲਈ ਆਜ਼ਾਦ ਫਾਊਂਡੇਸ਼ਨ ਦੀ ਵੂਮੈਨ ਆਨ ਵ੍ਹੀਲਜ਼, ਜਿੱਥੇ ਔਰਤਾਂ ਨੂੰ ਪੇਸ਼ੇਵਰ ਡਰਾਈਵਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ, ਅਤੇ ਗੁਜਰਾਤ ਵਿੱਚ ਨਿਰਮਾਣ ਮਜ਼ਦੂਰਾਂ ਲਈ ਸਵੈ-ਰੁਜ਼ਗਾਰ ਮਹਿਲਾ ਸੰਘ (ਸੇਵਾ) ਕਾਰਮਿਕਾ ਸਕੂਲ।

ਹੁਨਰ ਦੀ ਰਣਨੀਤੀ ਵਿੱਚ ਸਹਾਇਕ ਪਰਿਵਾਰਾਂ ਨਾਲ ਮਹਿਲਾ ਵਰਕਰਾਂ ਦੀ ਪਛਾਣ ਕਰਨ ਲਈ ਸਥਾਨਕ ਦੀ ਵਰਤੋਂ ਕਰਨਾ ਅਤੇ ਇਹਨਾਂ ਔਰਤਾਂ ਨੂੰ ਹੁਨਰ ਹਾਸਲ ਕਰਨ ਲਈ ਉਤਸ਼ਾਹਿਤ ਕਰਨ ਲਈ ਉਹਨਾਂ ਨੂੰ ਸੰਬੰਧਿਤ ਜਾਣਕਾਰੀ ਪ੍ਰਦਾਨ ਕਰਨਾ ਸ਼ਾਮਲ ਹੈ। ਡਿਜੀਟਲ ਯੁੱਗ ਦੀਆਂ ਤਬਦੀਲੀਆਂ ਨਾਲ ਸਿੱਝਣ ਲਈ ਹੁਨਰ ਦੀ ਲੋੜ ਹੈ। ਜਨਤਕ-ਨਿੱਜੀ ਭਾਈਵਾਲੀ ਸਮਾਵੇਸ਼ੀ ਡਿਜੀਟਲ ਹੁਨਰਾਂ, ਖਾਸ ਕਰਕੇ ਔਰਤਾਂ ਲਈ ਅੱਗੇ ਵਧਣ ਦਾ ਰਾਹ ਹੋ ਸਕਦੀ ਹੈ। ਮਾਈਕ੍ਰੋਸਾਫਟ ਅਤੇ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਦੀ ਤਰ੍ਹਾਂ, ਇੱਕ ਜਨਤਕ-ਨਿੱਜੀ ਭਾਈਵਾਲੀ ਵਿੱਚ, 100,000 ਤੋਂ ਵੱਧ ਘੱਟ ਸੇਵਾ ਵਾਲੀਆਂ ਔਰਤਾਂ ਨੂੰ ਡਿਜੀਟਲ ਹੁਨਰਾਂ ਵਿੱਚ ਸਿਖਲਾਈ ਦਿਓ। ਇੰਡੀਆ ਅਤੇ ਮਾਈਕਰੋਸਾਫਟ ਨੇ ਟੈਕਨਾਲੋਜੀ ਨਾਲ ਸਬੰਧਤ ਕੈਰੀਅਰਾਂ ਲਈ ਸਿਖਲਾਈ ਦੇਣ ਲਈ 62,000 ਮਹਿਲਾ ਵਿਦਿਆਰਥੀਆਂ ਲਈ ਇੱਕ ਸੰਯੁਕਤ ਹੁਨਰ ਪ੍ਰੋਗਰਾਮ 'ਟੈਕ ਸਕਸ਼ਮ' ਲਾਂਚ ਕੀਤਾ ਹੈ।

ਅੱਜ, ਦੇਸ਼ ਨੂੰ ਹੁਨਰ ਪ੍ਰੋਗਰਾਮਾਂ ਵਿੱਚ ਜੀਵਨ ਹੁਨਰ, ਜਿਵੇਂ ਕਿ ਸੰਚਾਰ ਯੋਗਤਾ, ਫੈਸਲਾ ਲੈਣ ਦੀ ਸਮਰੱਥਾ ਅਤੇ ਆਤਮ-ਵਿਸ਼ਵਾਸ ਨੂੰ ਜੋੜਨ ਦੀ ਲੋੜ ਹੈ। ਇਸ ਤੋਂ ਇਲਾਵਾ, ਸਮਾਜਿਕ-ਆਰਥਿਕ ਸਹਾਇਤਾ, ਸੰਬੰਧਿਤ ਹੁਨਰ, ਗਾਰੰਟੀਸ਼ੁਦਾ ਨੌਕਰੀਆਂ ਅਤੇ ਘੱਟ ਰੁਕਾਵਟਾਂ ਲਈ ਔਰਤਾਂ-ਕੇਂਦ੍ਰਿਤ ਸਮੂਹਾਂ ਨੂੰ ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਵਿੱਚ ਦਾਖਲ ਹੋਣ ਅਤੇ ਭਾਰਤ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਔਰਤਾਂ ਲਈ ਇੱਕ ਪਹੁੰਚਯੋਗ ਗੇਟਵੇ ਬਣਾਉਣਾ ਚਾਹੀਦਾ ਹੈ।

ਜਦੋਂ ਤੱਕ ਔਰਤ ਮਜ਼ਦੂਰਾਂ ਲਈ ਕੇਂਦਰਿਤ ਸਮਰਥਨ ਨਹੀਂ ਹੁੰਦਾ, ਸਿਰਫ਼ ਸਾਖਰਤਾ ਹੀ ਲਾਭਕਾਰੀ ਰੁਜ਼ਗਾਰ ਵਿੱਚ ਅਨੁਵਾਦ ਕਰਨ ਦੀ ਸੰਭਾਵਨਾ ਨਹੀਂ ਹੈ। ਸਾਨੂੰ ਸਮਾਜਕ-ਆਰਥਿਕ ਸਹਾਇਤਾ, ਸੰਬੰਧਿਤ ਹੁਨਰ, ਗਾਰੰਟੀਸ਼ੁਦਾ ਨੌਕਰੀਆਂ ਅਤੇ ਔਰਤਾਂ-ਕੇਂਦ੍ਰਿਤ ਸਮਰੱਥ ਪਹਿਲਕਦਮੀਆਂ ਦਾ ਇੱਕ ਗੁਲਦਸਤਾ ਚਾਹੀਦਾ ਹੈ ਜੋ ਭਾਰਤ ਦੀ ਤਰੱਕੀ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੇ ਹਨ, ਅਰਥਵਿਵਸਥਾ ਦੇ ਵੱਖ-ਵੱਖ ਖੇਤਰਾਂ ਵਿੱਚ ਔਰਤਾਂ ਲਈ ਦਾਖਲ ਹੋਣ ਲਈ ਇੱਕ ਪਹੁੰਚਯੋਗ ਗੇਟਵੇ ਬਣਾਉਂਦੇ ਹਨ। ਔਰਤਾਂ ਦੇ ਸਸ਼ਕਤੀਕਰਨ ਲਈ ਅਸਲ ਵਿੱਤੀ ਅਤੇ ਸਮਾਜਿਕ ਸ਼ਮੂਲੀਅਤ ਲਈ ਕਈ ਮੋਰਚਿਆਂ 'ਤੇ ਮਜ਼ਬੂਤ ਯਤਨਾਂ ਦੀ ਲੋੜ ਹੈ।

*-ਸਤਿਆਵਾਨ 'ਸੌਰਭ'*
*ਰਿਸਰਚ ਸਕਾਲਰ, ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ,*
*333, ਪਰੀ ਵਾਟਿਕਾ, ਕੌਸ਼ਲਿਆ ਭਵਨ, ਬਰਵਾ (ਸਿਵਾਨੀ) ਭਿਵਾਨੀ, ਹਰਿਆਣਾ - 127045*
*(9466526148)*

# ਭਾਰਤ ਦੇ ਨਵੇਂ ਰਾਸ਼ਟਰਪਤੀ ਦਰੋਪਦੀ ਮੁਰਮੂ

ਭੁਪਿੰਦਰ ਸਿੰਘ ਮਾਨ



ਦਰੋਪਦੀ ਮੁਰਮੂ ਭਾਰਤ ਦੀ ਰਾਸ਼ਟਰਪਤੀ ਬਣਨ ਵਾਲੀ ਪਹਿਲੀ ਆਦਿਵਾਸੀ ਅਤੇ ਦੂਜੀ ਮਹਿਲਾ ਹੋਵੇਗੀ। ਭਾਰਤੀ ਰਾਸ਼ਟਰਪਤੀ ਦੀ ਚੋਣ 18 ਜੁਲਾਈ 2022 ਨੂੰ 99.14 ਫੀਸਦੀ ਵੋਟਰਾਂ ਨਾਲ ਹੋਈ ਹੈ। ਕਬਾਇਲੀ ਪਰਵਾਰ ਨਾਲ ਸੰਬੰਧਤ ਦਰੋਪਦੀ ਮੁਰਮੂ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ 2015 ਅਤੇ 2021 ਦੌਰਾਨ ਝਾਰਖੰਡ ਦੇ ਨੌਵੇਂ ਗਵਰਨਰ ਵਜੋਂ ਸੇਵਾ ਨਿਭਾਈ ਸੀ। ਅੱਜ ਉਨ੍ਹਾਂ ਨੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕ ਲਈ ਹੈ। ਉਹ ਅੱਜ ਤੱਕ ਸਭ ਤੋਂ ਛੋਟੀ ਉਮਰ ਦੇ ਰਾਸ਼ਟਰਪਤੀ ਅਤੇ ਆਜ਼ਾਦੀ ਤੋਂ ਬਾਅਦ ਪੈਦਾ ਹੋਣ ਵਾਲੇ ਪਹਿਲੇ ਰਾਸ਼ਟਰਪਤੀ ਹਨ।

ਦਰੋਪਦੀ ਮੁਰਮੂ ਦਾ ਜਨਮ 20 ਜੂਨ 1958 ਨੂੰ ਉੜੀਸਾ ਦੇ ਮਯੂਰਭੰਜ ਜ਼ਿਲੇ ਦੇ ਵਾਸੀ ਬਿਰਾਂਚੀ ਨਰਾਇਣ ਟੁਡੂ ਦੇ ਘਰ ਰਾਇਰੰਗਪੁਰ ਦੇ ਬੈਦਾਪੋਸੀ ਖੇਤਰ ਵਿੱਚ ਇੱਕ ਸੰਥਾਲੀ ਆਦਿਵਾਸੀ ਪਰਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਤੇ ਦਾਦਾ ਦੋਵੇਂ ਪੰਚਾਇਤੀ ਰਾਜ ਪ੍ਰਣਾਲੀ ਹੇਠ ਸਰਪੰਚ ਬਣਦੇ ਰਹੇ। ਇਸੇ ਲਈ ਸਿਆਸਤ ਦੀ ਗੁੜ੍ਹਤੀ ਉਨ੍ਹਾਂ ਨੂੰ ਬਚਪਨ ਵਿੱਚ ਹੀ ਮਿਲੀ। ਉਨ੍ਹਾਂ ਦੇ ਪਿਤਾ ਨਰਾਇਣ ਟੁਡੂ ਨੇ ਉਨ੍ਹਾਂ ਦੀ ਵਿਦਿਆ ਉਪਰ ਖਾਸ ਧਿਆਨ ਦਿੱਤਾ। ਉਨ੍ਹਾਂ ਨੇ ਰਮਾ ਦੇਵੀ ਮਹਿਲਾ ਕਾਲਜ ਤੋਂ ਆਰਟਸ ਦੀ ਗਰੈਜੂਏਸ਼ਨ ਕੀਤੀ। ਮਗਰੋਂ ਅਧਿਆਪਨ ਦਾ ਕੋਰਸ ਕੀਤਾ। ਉਨ੍ਹਾਂ ਨੇ ਰਾਜਨੀਤੀ ਵਿੱਚ ਆਉਣ ਤੋਂ ਪਹਿਲਾਂ ਸਕੂਲ ਟੀਚਰ ਵਜੋਂ ਸ਼ੁਰੂਆਤ ਕੀਤੀ। ਉਨ੍ਹਾਂ ਨੇ ਔਰਬਿੰਦੋ ਇੰਟੈਗਰਲ ਐਜੂਕੇਸਨ ਐਂਡ ਰਿਸਰਚ ਇੰਸਟੀਚਿਊਟ, ਰਾਇਰੰਗਪੁਰ ਵਿੱਚ ਸਹਾਇਕ ਪ੍ਰੋਫੈਸਰ ਅਤੇ ਉੜੀਸਾ ਸਰਕਾਰ ਦੇ ਸਿੰਚਾਈ ਵਿਭਾਗ ਵਿੱਚ ਜੂਨੀਅਰ ਸਹਾਇਕ ਵਜੋਂ ਕੰਮ ਵੀ ਕੀਤਾ।ਉਨ੍ਹਾਂ ਦਾ ਵਿਆਹ ਬੈਂਕ ਮੁਲਾਜ਼ਮ ਸ਼ਿਆਮ ਚਰਨ ਮੁਰਮੂ ਨਾਲ ਹੋਇਆ ਜਿਸ ਦੀ 2014 ਵਿੱਚ ਮੌਤ ਹੋ ਗਈ। ਇਸ ਜੋੜੇ ਦੇ ਦੋ ਪੁੱਤਰ ਸਨ, ਜੋ ਦੋਵੇਂ ਮਰ ਚੁੱਕੇ ਹਨ ਅਤੇ ਇੱਕ ਧੀ ਹੈ। ਉਨ੍ਹਾਂ ਉੱਤੇ ਦੁੱਖਾਂ ਦੇ ਪਹਾੜ ਟੁੱਟਦੇ ਰਹੇ। ਉਨ੍ਹਾਂ ਨੇ 2009 ਤੋਂ 2015 ਤੱਕ ਸੱਤ ਸਾਲਾਂ ਦੇ ਅਰਸੇ ਵਿੱਚ ਆਪਣੇ ਪਤੀ, ਦੋ ਪੁੱਤਰਾਂ, ਮਾਂ ਅਤੇ ਇੱਕ ਭਰਾ ਨੂੰ ਗੁਆ ਦਿੱਤਾ।

ਆਪਣੇ ਰਾਜਨੀਤਕ ਜੀਵਨ ਦੀ ਸ਼ੁਰੂਆਤ ਕਰਦੇ ਹੋਏ ਮੁਰਮੂ 1997 ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਤੇ ਰਾਇਰੰਗਪੁਰ ਨਗਰ ਪੰਚਾਇਤ ਦੇ ਕੌਂਸਲਰ ਚੁਣੇ ਗਏ। ਮੁਰਮੂ 2000 ਵਿੱਚ ਰਾਏਰੰਗਪੁਰ ਨਗਰ ਪੰਚਾਇਤ ਦੇ ਚੇਅਰਪਰਸਨ ਬਣੇ। ਫਿਰ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਕਬਾਇਲੀ ਨੇਤਾ ਵਜੋਂ ਉਨ੍ਹਾਂ ਚੰਗੀ ਛਾਪ ਛੱਡੀ। ਉਨ੍ਹਾਂ ਦੀਆਂ ਸੇਵਾਵਾਂ ਦੇਖ ਕੇ ਉਨ੍ਹਾਂ ਨੂੰ ਐਮ ਐਲ ਏ ਦੀ ਟਿਕਟ ਦਿੱਤੀ ਗਈ। ਉੜੀਸਾ ਵਿੱਚ ਬੀ ਜੇ ਪੀ ਅਤੇ ਬੀਜੂ ਜਨਤਾ ਦਲ ਗੱਠਜੋੜ ਸਰਕਾਰ ਵੇਲੇ ਉਨ੍ਹਾਂ ਨੇ ਵੱਖ-ਵੱਖ ਸਮੇਂ ਵਣਜ ਅਤੇ ਆਵਾਜਾਈ ਲਈ ਸੁਤੰਤਰ ਚਾਰਜ ਵਾਲੀ ਰਾਜ ਮੰਤਰੀ, ਮੱਛੀ ਪਾਲਣ ਅਤੇ ਪਸ਼ੂ ਸਰੋਤ ਵਿਕਾਸ ਮੰਤਰੀ ਦੇ ਤੌਰ ਉੱਤੇ ਆਪਣੀਆਂ ਸੇਵਾਵਾਂ ਦਿੱਤੀਆਂ।

ਭਾਰਤੀ ਜਨਤਾ ਪਾਰਟੀ ਨੇ ਉਨ੍ਹਾਂ ਦੀਆਂ ਸੇਵਾਵਾਂ ਕਾਰਨ 2015 ਵਿੱਚ ਝਾਰਖੰਡ ਦੀ ਪਹਿਲੀ ਮਹਿਲਾ ਗਵਰਨਰ ਨਿਯੁਕਤ ਕੀਤਾ। ਇੱਕ ਮਾਮਲਾ ਪਥਲਗੜ੍ਹੀ ਦਾ ਵਿਰੋਧ ਕਰਨਾ ਸੀ ਜਿਸ ਵਿੱਚ ਦਰੋਪਦੀ ਮੁਰਮੂ ਨੇ ਕਬਾਇਲੀ ਲੋਕਾਂ ਦੀ ਹਮਾਇਤ ਕਰਨ ਦੀ ਥਾਂ ਸਰਕਾਰੀ ਪੱਖ ਨੂੰ ਪਹਿਲ ਦਿੱਤੀ ਸੀ। ਛੋਟਾਨਾਗਪੁਰ ਕਿਰਾਏਦਾਰੀ ਐਕਟ ਅਤੇ ਸੰਥਾਲ ਪਰਗਨਾ ਕਿਰਾਏਦਾਰੀ ਐਕਟ ਦੋ ਮੂਲ ਕਾਨੂੰਨਾਂ ਨੇ ਕਬਾਇਲੀ ਭਾਈਚਾਰਿਆਂ ਦੇ ਉਨ੍ਹਾਂ ਦੇ ਜ਼ਮੀਨ ਉੱਤੇ ਅਧਿਕਾਰ ਦੀ ਰਾਖੀ ਕੀਤੀ ਸੀ। ਮੌਜੂਦਾ ਕਾਨੂੰਨਾਂ ਅਨੁਸਾਰ ਜ਼ਮੀਨ ਦਾ ਲੈਣ-ਦੇਣ ਸਿਰਫ ਆਦਿਵਾਸੀਆਂ ਵਿਚਕਾਰ ਹੀ ਹੋ ਸਕਦਾ ਸੀ। ਨਵੀਆਂ ਸੋਧਾਂ ਨੇ ਆਦਿਵਾਸੀਆਂ ਨੂੰ ਸਰਕਾਰ ਨੂੰ ਕਬਾਇਲੀ ਜ਼ਮੀਨ ਦੀ ਵਪਾਰਕ ਵਰਤੋਂ ਕਰਨ ਤੇ ਆਦਿਵਾਸੀਆਂ ਦੀ ਜ਼ਮੀਨ ਨੂੰ ਲੀਜ਼ ਉੱਤੇ ਲੈਣ ਦਾ ਅਧਿਕਾਰ ਦਿੱਤਾ ਹੈ। ਮੌਜੂਦਾ ਕਾਨੂੰਨ ਵਿੱਚ ਸੋਧ ਕਰਨ ਵਾਲੇ ਪ੍ਰਸਤਾਵਿਤ ਬਿੱਲ ਨੂੰ ਝਾਰਖੰਡ ਵਿਧਾਨ ਸਭਾ ਨੇ ਮਨਜ਼ੂਰੀ ਦਿੱਤੀ ਸੀ। ਕਬਾਇਲੀ ਲੋਕਾਂ ਨੇ ਪ੍ਰਸਤਾਵਿਤ ਕਾਨੂੰਨ ਉੱਤੇ ਸਖਤ ਇਤਰਾਜ਼ ਪ੍ਰਗਟਾਇਆ ਸੀ। ਪਥਲਗੜ੍ਹੀ ਵਿਦਰੋਹ ਦੌਰਾਨ, ਕਿਰਾਏਦਾਰੀ ਕਾਨੂੰਨਾਂ ਵਿੱਚ ਪ੍ਰਸਤਾਵਿਤ ਸੋਧਾਂ ਵਿਰੁੱਧ ਵਿਰੋਧ-ਪ੍ਰਦਰਸ਼ਨ ਕੀਤੇ ਗਏ ਸਨ। ਇੱਕ ਘਟਨਾ ਵਿੱਚ ਵਿਰੋਧ ਹਿੰਸਕ ਹੋ ਗਿਆ। ਪੁਲਸ ਨੇ ਕਬਾਇਲੀਆਂ ਉੱਤੇ ਹਿੰਸਕ ਕਾਰਵਾਈ ਦਾ ਜਵਾਬ ਦਿੱਤਾ ਸੀ ਜਿਸ ਕਾਰਨ ਇੱਕ ਕਬਾਇਲੀ ਵਿਅਕਤੀ ਦੀ ਮੌਤ ਹੋ ਗਈ ਸੀ। ਕਬਾਇਲੀ ਅਧਿਕਾਰ ਕਾਰਕੁਨ ਫਾਦਰ ਸਟੈਨ ਸਵਾਮੀ ਸਮੇਤ 200 ਤੋਂ ਵੱਧ ਲੋਕਾਂ ਵਿਰੁੱਧ ਅਪਰਾਧਕ ਕੇਸ ਦਰਜ ਕੀਤੇ ਗਏ ਸਨ। ਮੁਰਮੂ ਨੇ ਅੰਦੋਲਨ ਦੌਰਾਨ ਆਦਿਵਾਸੀਆਂ ਵਿਰੁੱਧ ਪੁਲਸ ਹਮਲੇ ਉੱਤੇ ਨਰਮ ਰੁਖ਼ ਦੀ ਆਲੋਚਨਾ ਕੀਤੀ ਗਈ ਸੀ। ਇਸ ਬਿੱਲ ਵਿੱਚ ਸੋਧਾਂ ਵਿਰੁੱਧ ਮੁਰਮੂ ਨੂੰ ਕੁੱਲ 192 ਮੈਮੋਰੰਡਮ ਮਿਲੇ ਸਨ। ਵਿਰੋਧੀ ਪਾਰਟੀਆਂ ਝਾਰਖੰਡ ਮੁਕਤੀ ਮੋਰਚਾ, ਕਾਂਗਰਸ, ਝਾਰਖੰਡ ਵਿਕਾਸ ਮੋਰਚਾ ਅਤੇ ਹੋਰਾਂ ਨੇ ਬਿੱਲ ਵਿਰੁੱਧ ਤਿੱਖਾ ਦਬਾਅ ਪਾਇਆ ਸੀ। ਚੌਵੀ ਮਈ 2017 ਨੂੰ ਮੁਰਮੂ ਨੇ ਪਿੱਛੇ ਹਟਦਿਆਂ ਬਿੱਲਾਂ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਰਾਜ ਸਰਕਾਰ ਨੂੰ ਮਿਲੇ ਮੈਮੋਰੰਡਮ ਦੇ ਨਲਾ ਬਿੱਲ ਵਾਪਸ ਕਰ ਦਿੱਤਾ। ਬਿੱਲ ਨੂੰ ਬਾਅਦ ਵਿੱਚ ਅਗਸਤ 2017 ਵਿੱਚ ਵਾਪਸ ਲੈ ਲਿਆ ਗਿਆ ਸੀ।

ਇਸ ਵਰ੍ਹੇ ਜੂਨ ਵਿੱਚ ਭਾਜਪਾ ਨੇ 2022 ਦੀਆਂ ਰਾਸ਼ਟਰਪਤੀ ਚੋਣਾਂ ਲਈ ਐਨ ਡੀ ਏ ਉਮੀਦਵਾਰ ਵਜੋਂ ਮੁਰਮੂ ਨੂੰ ਮੈਦਾਨ ਵਿੱਚ ਉਤਾਰਿਆ। ਵਿਰੋਧੀ ਪਾਰਟੀਆਂ ਨੇ ਯਸ਼ਵੰਤ ਸਿਨਹਾ ਨੂੰ ਰਾਸ਼ਟਰਪਤੀ ਲਈ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਸੀ। ਆਪਣੀ ਚੋਣ ਮੁਹਿੰਮ ਵੇਲੇ ਮੁਰਮੂ ਨੇ ਆਪਣੀ ਉਮੀਦਵਾਰੀ ਦਾ ਸਮਰਥਨ ਮੰਗਣ ਲਈ ਵੱਖ-ਵੱਖ ਰਾਜਾਂ ਦਾ ਦੌਰਾ ਕੀਤਾ। ਕਈ ਵਿਰੋਧੀ ਪਾਰਟੀਆਂ ਜਿਵੇਂ ਜੇ ਐੱਮ ਐੱਮ, ਅਕਾਲੀ ਦਲ, ਬਸਪਾ, ਸ਼ਿਵ ਸੈਨਾ ਨੇ ਪੋਲਿੰਗ ਤੋਂ ਪਹਿਲਾਂ ਮੁਰਮੂ ਦੀ ਉਮੀਦਵਾਰੀ ਲਈ ਸਮਰਥਨ ਦਾ ਐਲਾਨ ਕੀਤਾ ਸੀ। ਇੱਕੀ ਜੁਲਾਈ ਨੂੰ ਮੁਰਮੂ ਨੇ ਰਾਸ਼ਟਰਪਤੀ ਚੋਣਾਂ ਵਿੱਚ ਆਪਣੇ ਵਿਰੋਧੀ ਉਮੀਦਵਾਰ ਯਸ਼ਵੰਤ ਸਿਨਹਾ ਨੂੰ 28 ਵਿੱਚੋਂ 21 ਰਾਜਾਂ ਵਿੱਚ 676,803 ਇਲੈਕਟੋਰਲ ਵੋਟਾਂ (ਕੁੱਲ ਦਾ 64.03 ਫੀਸਦੀ) ਨਾਲ ਹਰਾ ਕੇ ਬਹੁਮਤ ਹਾਸਲ ਕੀਤਾ। ਦਰੋਪਦੀ ਮੁਰਮੂ 2027 ਤੱਕ ਭਾਰਤ ਦੇ ਪਹਿਲੇ ਨਾਗਰਿਕ ਦੇ ਤੌਰ ਉੱਤੇ ਦੇਸ਼ ਦੀ ਅਗਵਾਈ ਕਰਨਗੇ। ਪਹਿਲੇ ਕਬਾਇਲੀ ਰਾਸ਼ਟਰਪਤੀ ਹੋਣ ਦੇ ਨਾਤੇ ਉਨ੍ਹਾਂ ਤੋਂ ਦੇਸ਼ ਵਾਸੀਆਂ ਨੂੰ ਬਹੁਤ ਆਸਾਂ ਹੋਣਗੀਆਂ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਉਹ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਕਰ ਕੇ ਕੁਝ ਨਵੇਂ ਦਿਸਹੱਦੇ ਸਿਰਜਣਗੇ ਜਾਂ ਪਹਿਲਾਂ ਵਾਲੀ ਰਵਾਇਤ ਅਨੁਸਾਰ ਹੀ ਚੱਲਣਗੇ।

# ਜੇਲ੍ਹਾਂ ਵਿਚ ਅੰਡਰਟਰਾਇਲਜ਼ ਦੀ ਵਧਦੀ ਗਿਣਤੀ ਚਿੰਤਾਜਨਕ- ਸੁਪਰੀਮ ਕੋਰਟ

ਇਹ ਵਾਲਾ ਮਸਲਾ ਕਦੀ ਪਹਿਲਾਂ ਵੀ ਚਲਿਆ ਸੀ ਅਤੇ ਇਹ ਆਖਿਆ ਗਿਆ ਸੀ ਕਿ ਸਾਡੀਆਂ ਜੇਲ੍ਹਾਂ ਵਿੱਚ ਅਸਲੀ ਸਜ਼ਾਯਾਫਤਾ ਕੈਦੀਆਂ ਦੀ ਗਿਣਤੀ ਨਾਲੋਂ ਅੰਡਰਟਰਾਇਲਜ਼ ਕੈਦੀਆਂ ਦੀ ਗਿਣਤੀ ਹਮੇਸ਼ਾਂਹੀ ਜ਼ਿਆਦ ਰਹਹੀ ਹੈ। ਇਹ ਵਾਲਾ ਕਾਨੂੰਨ ਕਦੀ ਅੰਗਰੇਜ਼ਾਂ ਨੇ ਸਥਾਪਿਤ ਕੀਤਾ ਸੀ ਅਤੇ ਅਸਾਂ ਅਪਨਾ ਰਖਿਆ ਹੈ। ਅਰਥਾਤ ਜਿਸ ਵੀ ਆਦਮੀ ਵਿਰੁਧ ਕੋਈ ਫ਼ੌਜਦਾਰੀ ਮੁਕਦਮਾ ਦਰਜ ਹੋ ਜਾਵੇ ਉਸਨੂੰ ਪੁਲਿਸ ਨੇ ਗ੍ਰਿਫਤਾਰ ਕਰਨਾ ਹੁੰਦਾ ਹੈ ਅਤੇ ਜਦ ਤਕ ਮਾਨਯੋਗ ਅਦਾਲਤ ਉਸਦੀ ਅਰਜ਼ੀ ਪਰਵਾਨ ਕਰਕੇ ਉਸਦੀ ਜ਼ਮਾਨਤ ਨਹੀਂ ਕਰਦੀ ਉਹ ਜੇਲ੍ਹ ਵਿੱਚ ਰਹਿੰਦਾਹੈ। ਕੁਝ ਅਪ੍ਰਾਧੀ ਮੁਕਦਮਾ ਦਰਜ ਹੋਣ ਤੇ ਹੀ ਮਾਨਯੋਗ ਅਦਾਲਤ ਪਾਸੋਂ ਅਗੇਤੀ ਜ਼ਮਾਨਤ ਵੀ ਕਰਵਾ ਲੈਂਦੇ ਹਨ। ਅਤੇ ਇਹ ਵੀ ਸਾਫ ਹੈ ਕਿ ਜਿਸ ਵੀ ਆਦਮੀ ਦੀ ਜ਼ਮਾਨਤ ਨਹੀਂ ਹੁੰਦੀ ਉਹ ਉਦੋਂ ਤਕ ਜੇਲ੍ਹ ਵਿੱਚ ਹੀ ਰਹਿੰਦਾ ਹੈ ਜਦ ਤਕ ਉਸਦਾ ਕੇਸ ਚਲਦਾ ਰਹਿੰਦਾ ਹੈ। ਵਡਾ ਦੁਖਾਂਤ ਇਹ ਵੀ ਹੈ ਕਿ ਮਾਨਯੋਗ ਅਦਾਲਤਾ ਵਿੱਚ ਫ਼ੌਜਦਾਰੀ ਕੇਸਾ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਜਾਂ ਗਵਾਹੀਆਂ ਪੇਸ਼ ਕਰਨ ਵਿੱਚ ਚਿਰ ਲਗ ਜਾਂਦਾ ਹੈ ਅਤੇ ਕਈ ਇਸ ਤਰ੍ਹਾਂ ਦੇ ਕੇਦੀ ਕੀਤੇ ਅਪ੍ਰਾਧ ਦੀ ਸਥਾਪਿਤ ਸਜ਼ਾ ਤੋਂ ਵੀ ਜ਼ਿਆਦਾ ਜੇਲ੍ਹ ਵਿੱਚ ਰਹਿਕੇ ਬਰੀ ਵੀ ਹੋ ਜਾਂਦੇ ਹਨ। ਹਾਲਾਂ ਤਕ ਅਸੀਂ ਇੰਨ੍ਹਾਂ ਕੈਦੀਆਂ ਨੂੰ ਹਰਜਾਨਾ ਦੇਣ ਦਾ ਪ੍ਰਬੰਧ ਨਹੀਂਕਰ ਸਕੇ ਹਾਂ। ਸ਼ਿਕਾਇਤ ਕਰਦਾ ਉਤੇ ਬੋਝ ਪਾਇਆ ਜਾਵੇ ਤਾਂ ਵੀ ਝੂਠੀਆਂ ਸ਼ਿਕਾਇਤਾ ਬੰਦ ਹੋ ਸਕਦੀਆਂ ਹਨ।

ਇਸ ਵਿੱਚ ਕੋਈ ਸ਼ਕ ਨਹੀਂ ਹੈ ਕਿ ਸਾਡੀਆਂ ਅਦਾਲਤਾਂ ਵਿੱਚ ਕੇਸ ਦਾ ਟਰਾਇਲ ਕਈ ਕਈ ਸਾਲ ਚਲਦਾ ਰਹਿੰਦਾ ਹੈ ਤਾਂ ਜਾਕੇ ਕੋਈ ਫੈਸਲਾ ਹੁੰਦਾ ਹੈ। ਫਿਰ ਜਿਸ ਕਿਸੇ ਨੂੰ ਸਜ਼ਾ ਹੋਜਾਂਦੀ ਹੈ ਉਹ ਉਚੇਰੀ ਅਦਾਲਤ ਵਿੱਚ ਅਪੀਲ ਕਰਦਾ ਹੈ ਅਤੇ ਇਸ ਤਰ੍ਹਾਂ ਇਹ ਅਪੀਲਮਾਨਯੋਗ ਸੁਪਰੀਮ ਕੋਰਟ ਤਕ ਜਾਂਦੀ ਹੈ। । ਇਹ ਜਿਹੜਾ ਜ਼ਮਾਨਤ ਕਰਾਉਣ ਦਾ ਸਿਲਸਿਲਾ ਹੈ ਇਹ ਬਹੁਤ ਹੀ ਮਹਿੰਗਾ ਪੈਂਦਾ ਹੈ। ਹਰੇਕ ਕੋਸ਼ਿਸ਼ ਇਹ ਕਰਦਾ ਹੈ ਉਸਦੀ ਅਗੇਤੀ ਜ਼ਮਾਨਟ ਹੋ ਜਾਵੇ ਅਤੇ ਅਰਜ਼ਹੀ ਰਦ ਹੋ ਜਜਣ ਉਤੇ ਮਾਨਯੋਗ ਹਾਈ ਕੋਰਟ ਵਿੱਚ ਵੀ ਜਾਂਦਾ ਹੈ ਅਤੇ ਕਈਆਂ ਨੂੰਮਾਨਯੋਗ ਸੁਪਰੀਮ ਕੋਰਟ ਤਕ ਵੀ ਜਾਣਾ ਪੈਂਦਾ ਹੈ। ਇਹ ਜ਼ਮਾਨਤ ਵਾਲਾ ਸਿਲਸਿਲਾ ਬਹੁਤ ਹੀ ਮਹਿੰਗਾ ਹੈ। ਜ਼ਮਾਨਤੀ ਵੀ ਲਭਣਾ ਪੈਂਦਾ ਹੈ ਅਤੇ ਅਗਰ ਕਿਸੇ ਪਾਸ ਜ਼ਮਾਨਤੀ ਨਹੀਂ ਹੈ ਤਾਂ ਅਦਾਲਤਾ ਵਿੱਚ ਐਸੇ ਜ਼ਮਾਨਤੀ ਮਿਲ ਜਾਂਦੇ ਹਨ ਜਿਹੜੇ ਰਕਮਾਂ ਨਕਦ ਲੈਕੇ ਜ਼ਾਨਤ ਦੇ ਦਿੰਦੇ ਹਨ। ਇਹ ਸਾਰਾ ਪ੍ਰਬੰਧ ਕਰਨਾ ਬਹੁਤ ਹੀ ਮਹਿੰਗਾ ਹੈ ਅਤੇ ਵਡੀ ਗਿਣਤੀ ਵਿੱਚ ਜੇਲ੍ਹਾਂ ਵਿੱਚ ਬੰਦ ਐਸੇ ਲੋਕ ਹਨ।

ਆਓ ਵਿਚਾਰ ਕਰੀਏ

ਇਹ ਗੱਲ ਵੀ ਸਾਹਮਣੇ ਆਈ ਹੈ ਕਿ ਬਹੁਤ ਸਾਰੇ ਐਸੇ ਅੰਡਰ ਟਰਾਇਲਜ਼ ਵੀ ਹਨ ਜਹੜੇ ਕੀਤੇ ਗਈ ਅਪ੍ਰਾਧ ਦੀ ਮਿਥੀ ਸਜ਼ਾ ਤੋਂ ਵੀ ਜ਼ਿਆਦ ਸਮਾਂ ਜੇਲ੍ਹਾਂ ਵਿੱਚ ਬੰਦ ਪਏ ਹਨ। ਇਹ ਵਾਲਾ ਮਸਲਾ ਵਿਚਾਰਨ ਵਾਲਾ ਹੈ। ਇਥੇ ਇਹ ਵੀ ਕੀਤਾ ਜਾ ਸਕਦਾ ਹੈ ਕਿ ਬਾਕ-ਾਇਦਾ ਅੰਡਰ ਟਰਾਇਲਜ਼ ਦਾ ਰਿਕਾਰਡ ਰਖਿਆ ਜਾਵੇ ਅਤੇ ਮਾਫੀਆਂ ਅਤੇ ਛੁਟੀਆਂ ਕਢਕੇ ਜਿਹੜਾ ਵੀ ਕੈਦੀ ਮਿਥੀ ਸਜ਼ਾ ਵਾਲਾ ਸਮਾਂ ਜੇਲ੍ਹ ਵਿੱਚ ਗੁਜ਼ਕਾਰ ਚੁਕਾ ਹੈ ਉਸਨੂੰ ਡਿਸਚਾਰਜ ਕਬ ਦਿਤਾ ਜਾਵੇ ਅਤੇ ਇਹ ਵਾਲਾ ਹੁਕਮ ਮਾਨਯੋਗ ਅਰਾਇਲ ਕੋਰਟ ਹੀ ਕਰੇ। ਇਹ ਵਾਲਾ ਤਰੀਕਾ ਅਗਰ ਅਪਨਾ ਲਿਆ ਜਾਵੇ ਤਾਂ ਵੀ ਕਾਫੀ ਆਦਮੀ ਰਿਹਾ ਕੀਤੇ ਜਾ ਸਕਦੇ ਹਨ।

ਸਾਡਾ ਸੰਵਿਧਾਨ ਇਹ ਆਖਦਾ ਹੈ ਕਿ ਹਰ ਕੋਈ ਨਿਰਦੋਸ਼ਸ਼ ਜਦ ਤਕ ਉਸ ਵਿਰੁਧ ਮਾਮਲਾ ਸਾਬਤ ਨਹੀਂ ਹੋ ਜਾਂਦਾ। ਇਸ ਲਈ ਹਰ ਕਿਸੇ ਦੀ ਜ਼ਮਾਨਤ ਮਨਜ਼ੂਰ ਕਰ ਦਿਤੀ ਜਾਣੀ ਚਾਹੀਦੀ ਹੈ। ਅਜ ਹਰ ਕਿਸੇ ਪਾਸ ਪਕਾ ਘਰ ਹੈ ਅਤੇ ਆਧਾਰ ਕਾਰਡ ਵੀ ਹੈ। ਜਿਸ ਕਿਸੇ ਆਦਮੀ ਵਿਰੁਧ ਕੇਸ ਬਣ ਗਿਆ ਹੈ ਉਸਦੇ ਆਧਾਰ ਕਾਰਡ ਉਤੇਇਹ ਨੋਟ ਅਗਰ ਆ ਜਾਵੇ ਕਿ ਇਹ ਅਪਰਾਧੀ ਹੈ ਤਾਂ ਵੀ ਲੋੜ ਪੈਣ ਤੇ ਇਹ ਆਦਮੀ ਪਕੜਿਆ ਜਾ ਸਕਦਾ ਹੈ। ਕੋਈ ਤਰੀਕਾ ਲਭਿਆ ਜਾ ਸਦਾ ਹੈ ਅਤੇ ਇਹਜ਼ਮਾਨਤ ਮਨਜ਼ੂਰ ਹੋ ਜਾਣੀ ਚਾਹੀਦੀ ਹੈ। ਇਥੇ ਤਾਂ ਇਹ ਵੀ ਆਖਿਆ ਜਾ ਸਕਦਾ ਹੈ ਕਿ ਇਹ ਜ਼ਮਾਨਤ ਪਹਿਲੇ ਦਿੰਨ ਹੀ ਮਨਜ਼ੂਰ ਕਰ ਦਿਤੀ ਜਾਵੇ। ਕੁਝ ਗੰਭੀਰ ਦੋਸ਼ ਹਨ ਤਾਂ ਹੀ ਆਦਮੀ ਨੂੰ ਕੁਝ ਦਿੰਨਾ ਲਈਜੇਲ੍ਹ ਭੇਜਿਆ ਜਾ ਸਕਦਾ ਹੈ। ਇਹ ਗਲਾਂ ਵਿਚਾਰਨ ਯੋਗ ਹਨ।

ਜਿਹੜਾ ਆਦਮੀ ਜੇਲ੍ਹ ਵਿਚ ਬੰਦ ਹੋ ਜਾਂਦਾ ਹੈ ਉਸਦਾ ਹਾਲ ਕੀ ਬਣਦਾ ਹੈ ਇਹ ਤਾਂ ਬਹੁਤ ਹੀ ਭਿਆਨਕ ਹੈ। ਇਹ ਆਦਮੀ ਆਪਣੇ ਰਿਸ਼ਤੇਦਾਰਾਂ ਵਿੱਚ ਵਾਕਿਫ ਕਾਰਾਂ ਵਿੱਚ ਬਦਨਾਮ ਹੋ ਜਾਂਦਾ ਹੈ ਅਤੇ ਕੋਈ ਵੀ ਇਹ ਨਹੀਂ ਆਖਦਾ ਕਿ ਇਸ ਨੇ ਅਪ੍ਰਾਧ ਨਹੀਂ ਕੀਤਾ ਹੈ। ਇਸਦੇ ਪਰਵਾਰ ਦਾ ਹਾਲ ਕੀ ਹੁੰਦਾ ਹੈ, ਇਹ ਦਸਿਆ ਨਹੀਂ ਜਾ ਸਕਦਾ। ਇਹ ਬਚਿਆ ਲਈ ਇਹੀ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਹਰ ਕਿਸੇ ਦੇ ਸਵਾਲਾਂ ਦਾ ਜਵਾਬ ਕੀ ਦੇਣ। ਘਰ ਵਾਲੀ ਲਈ ਇਹ ਮੁਸ਼ਕਿਲ ਹੋ ਜਾਂਦਾ ਹੈ ਕਿ ਜਿਹੜਾ ਵੀ ਕੰਮ ਕਾਜ ਉਸਦਾ ਆਦਮੀ ਕਰਦਕਾ ਸੀ ਉਹ ਬੰਦ ਹੋ ਜਾਂਦਾ ਹੈ ਅਤੇ ਘਰ ਕਮਾਈ ਨਹੀਂ ਆਉਂਦੀ ਅਤੇ ਗੁਜ਼ਾਰਾ ਕਿਵੇਂ ਕਰਨਾ ਹੈ। ਜਿੰਨ੍ਹਾਂ ਲੋਕਾਂ ਪਾਸੋਂ ਕਰਜ਼ਾ ਲਿਤਾ ਗਿਆ ਹੋਵੇ ਉਹ ਵੀ ਬੂਹਾ ਖੜਕਾਉਣ ਲਗ ਜਾਂਦੇ ਹਨ ਅਤੇ ਪਰਵਾਰ ਦੀਆਂ ਇਹ ਮੁਸ਼ਕਿਲਾਂ ਅਜ ਤਕ ਕਿਸੇ ਨੇ ਵਿਚਾਰੀਆਂ ਨਹੀਂ ਹਨ। ਇਸ ਪਾਸੇ ਵੀ ਧਿਆਨ ਦੇਣਾ ਬਣਦਾ ਹੈ ਕਿ ਇਹ ਪਰਵਾਰ ਦੇ ਆਦਮੀਆਂ ਦਾ ਕੋਈ ਵੀ ਕਸੂਰ ਨਹੀਂ ਹੁੰਦਾ ਪਰ ਇਹ ਬਹੁਤ ਹੀ ਮੁਸ਼ਕਿਲਾਂ ਵਿੱਚ ਪੈ ਜਾਂਦੇ ਹਨ। ਅਗਰ ਸਰਕਾਰ ਐਸੇ ਪਰਵਾਰਾਂ ਦਾ ਖਰਚਾ; ਆਪ ਦੇਵੇ ਤਾ ਉਨ੍ਹਾਂ ਦਾ ਆਦਮੀ ਜੇਲ੍ਹ ਭੇਜਿਆ ਜਾਵੇ। ਇਹ ਮਾਸੂਮਾਂ ਦਾ ਵਕਤ ਕੈਸਾ ਲੰਘਦਾ ਹੈ, ਇਹ ਬਿਆਨ ਨਹੀਂ ਕਹੀਤਾ ਜਾ ਸਕਦਾ।

ਛੋਟੇ ਜੁਰਮਾਂ ਵਾਲੇ ਅਪ੍ਰਾਧੀਆਂ ਨੂੰ ਪਰਸਨਲ ਬਾਂਡ ਉਤੇ ਵੀ ਜ਼ਮਾਨਤ ਕਰ ਦਿਤੀ ਜਾਵੇ ਅਤੇ ਅਗਰ ਉਹ ਗੈਰਹਾਜ਼ਰ ਰਹਿੰਦਾ ਹੈ ਜਾਂ ਭਗੋੜਾ ਹੀ ਹੋ ਜਾਂਦਾ ਹੈ ਤਾਂ ਜਦ ਵੀ ਪਕੜਿਆ ਜਾਵੇ ਇਹ ਛੇ ਮਹੀਨੇ ਕੈਦੀਆਂ ਦੀ ਤਰ੍ਹਾਂ ਜੇਲ ਵਿੱਚ ਰਖਿਆ ਜਾਵੇ ਅਤੇ ਅਗਰ ਕੇਸ ਵਿੱਚ ਸਜ਼ਾ ਹੋ ਜਾਂਦੀ ਹੈ ਤਾਂ ਇਹ ਵਖਰੀ ਕਟਣੀ ਪਵੇ। ਐਸਾ ਕੁਝ ਕੀਤਾ ਜਾ ਸਕਦਾ ਹੈ ਜਿਥੇ ਇਹ ਅਪ੍ਰਾਧੀ ਭਜਣ ਨਾ ਬਲਕਿ ਬਾਕ-ਾਇਦਾ ਇਹ ਅਦਾਲਤਾ ਵਿੱਚ ਹਾਜ਼ਰ ਹੋਕੇ ਹੁਕਮਾਂ ਦੀ ਉਡੀਕ ਕਰਨ।

ਕੁਝ ਐਸੇ ਉਪਾਉ ਕਰਕੇ ਅਸੀਂ ਐਸਾ ਸਿਲਸਿਲਾ ਤਿਆਰ ਕਰ ਸਕਦੇ ਹਾਂ ਕਿ ਕਿਸੇ ਵੀ ਅਪ੍ਰਾਧੀ ਨੂੰ ਜੇਲ੍ਹ ਜਾਣਾ ਹੀ ਨਾ ਪਵੇ। ਟਰਾਇਲ ਬਾਅਦ ਹੀ ਅਗਰ ਸਜ਼ਾ ਹੋ ਜਾਂਦੀ ਹੈ ਤਾਂ ਵੀ ਉਥੇ ਹੀ ਜ਼ਮਾਨਤ ਹੋ ਜਾਵੇ ਅਤੇ ਜਦ ਤਕ ਅਪਲਲਅ ਦਾ ਫੈਸਾਲ ਨਹੀਂ ਹੁੰਦਾ ਉਹ ਜੇਲ੍ਹ ਨਾ ਭੇਜਿਆ ਜਾਵੇ। ਅਸੀਂ ਆਜ਼ਾਦ ਅਤੇ ਪਰਜਾਤੰਤਰ ਦੇਸ਼ ਹਾਂ ਅਤੇ ਆਪਣੇ ਨਾਗਰਿਕਾ ਨੂੰ ਐਂਵੇਂ ਹੀ ਜੇਲ੍ਹਾਂ ਵਿੱਚ ਬੰਦ ਕਰਨ ਦਾ ਕੋਈ ਅਧਿਕਾਰ ਨਹੀਂ ਰਖਦੇ। ਹਰ ਕੋਈਹੀ ਮੁਲਕ ਦਾ ਮਾਲਕ ਵੀ ਹੈ ਅਤੇ ਹਰਕਿਸ। ਦਾ ਪਰਵਾਰ ਵੀ ਹੈ।ਕਿਸੇ ਦਾ ਸਮ,ਜ ਵੀ ਹੈ। ਹਰ ਕਿਸੇ ਦੀਆਂ ਰਿਸ਼ਤੇਦਾਰੀਆਂ ਵੀ ਹਨ ਅਤੇ ਜੇਲ੍ਹ ਵਿੱਚ ਜਾਣ ਨਾਲ ਅਪ੍ਰਾਧੀ ਤਾਂ ਨੁਕਸਨ ਉਠਾਉਂਦਾ ਹੀ ਹੈ ਉਸਦਾ ਪਰਵਾਰ ਬਹੁਤ ਹੀ ਨੁਕਸਾਨ ਉਠਾਉਂਦਾ ਹੈ।

ਸਰਕਾਰ ਇਕ ਮਾਹਿਰਾਂ ਦੀ ਕਮੇਟੀ ਬਣਾ ਸਕਦੀ ਹੈ ਜਿਹੜੇ ਦਸੇ ਗਏ ਨੁਕਤਿਆਂ ਉਤੇ ਵਿਚਾਰ ਕਰੇ ਅਤੇ ਕੁਝ ਐਸਾ ਬਣਾ ਦੇਵੇ ਕਿ ਕਿਸੇ ਨੂੰ ਵੀ ਇਹ ਸਿੰਕਾਇਤ ਕਰਨ ਦਾ ਮੋਕਾ ਨਾ ਮਿਲੇ ਕਿ ਉਸਨੂੰ ਐਂ ਹੀ ਬੰਦ ਕੀਤਾ ਗਿਆ ਸੀ।

*-ਦਲੀਪ ਸਿੰਘ ਵਾਸਨ, ਐਡਵੋਕੇਟ*
*101-ਸੀ ਵਿਕਾਸ ਕਲੋਨੀ, ਪਟਿਆਲਾ*
*ਫੋਨ 0175 5191856*

## ਬਿਊਟੀ ਟਿਪਸ: ਬੇਦਾਗ ਸਕਿਨ ਲਈ ਬੈਸਟ ਹਨ ਇਹ ਘਰੇਲੂ ਫੇਸ ਮਾਸਕ



ਘਰੇਲੂ ਚੀਜ਼ਾਂ ਨਾਲ ਬਣਾਏ ਫੇਸ ਮਾਸਕ ਤੁਹਾਡੇ ਚਿਹਰੇ ਲਈ ਬਹੁਤ ਹੀ ਫਾਇਦੇਮੰਦ ਸਾਬਿਤ ਹੁੰਦਾ ਹੈ ਤੇ ਇਸ ਨਾਲ ਚਿਹਰੇ ਦੀ ਖੂਬਸੂਰਤੀ ਵਧਦੀ ਹੈ, ਕਿਉਂਕਿ ਇਹ ਫੇਸ ਮਾਸਕ ਕੁਦਰਤੀ ਚੀਜ਼ਾਂ ਤੋਂ ਬਣੇ ਹੁੰਦੇ ਹਨ। ਜਿਵੇਂ ਸ਼ਹਿਦ, ਖੀਰਾ, ਕੇਲਾ, ਪਪੀਤਾ ਆਦਿ। ਆਓ ਜਾਣਦੇ ਹਾਂ ਤੁਸੀਂ ਇਨ੍ਹਾਂ ਕੁਦਰਤੀ ਚੀਜ਼ਾਂ ਨਾਲ ਫੇਸ ਮਾਸਕ ਕਿਵੇਂ ਬਣ ਸਕਦੇ ਹੋ ਸ਼ਹਿਦ, ਕੇਲੇ, ਪਪੀਤੇ ਦਾ ਫੇਸ ਮਾਸਕ: ਅੱਧੇ ਪੱਕੇ ਕੇਲੇ ਮਸਲ ਲਓ ਅਤੇ ਇਸ ਵਿੱਚ ਦੁੱਧ, ਇੱਕ ਵੱਡਾ ਚਮਚ ਚੰਦਨ ਪਾਊਡਰ ਅਤੇ ਅੱਧਾ ਵੱਡਾ ਚਮਚ ਸ਼ਹਿਦ ਮਿਲਾ ਲਓ। ਇਸ ਮਾਸਕ ਨੂੰ 20-25 ਮਿੰਟ ਤੱਕ ਚਿਹਰੇ ਉੱਤੇ ਲੱਗਾ ਰਹਿਣ ਦੇ ਬਾਅਦ ਹਲਕੇ ਕੋਸੇ ਪਾਣੀ ਨਾਲ ਧੋ ਲਓ। ਇਹ ਮਾਸਕ ਆਇਲੀ ਸਕਿਨ ਲਈ ਬੇਹੱਦ ਲਾਭਦਾਇਕ ਹੈ।

ਦਾਲ ਮਾਸਕ: ਆਇਲੀ ਸਕਿਨ ਲਈ ਵੱਡਾ ਚਮਚ ਮੂੰਗੀ ਦੀ ਦਾਲ ਕੁਝ ਘੰਟੇ ਪਾਣੀ ਵਿੱਚ ਭਿਉਂ ਦਿਓ। ਇਸ ਦੇ ਬਾਅਦ ਇਸ ਨੂੰ ਪੀਸ ਲਓ ਤੇ ਇਸ ਵਿੱਚ ਇੱਕ ਵੱਡਾ ਚਮਚ ਟਮਾਟਰ ਦਾ ਗੁੱਦਾ ਮਿਲਾ ਲਓ। ਹਲਕੇ ਹੱਥਾਂ ਨਾਲ ਮਸਾਜ ਕਰਦੇ ਹੋਏ ਇਸ ਨੂੰ ਚਿਹਰੇ ਉੱਤੇ ਲਾਓ। ਵੀਹ ਮਿੰਟ ਬਾਅਦ ਇਸ ਨੂੰ ਪਾਣੀ ਨਾਲ ਧੋ ਲਓ। ਇਸ ਨਾਲ ਸਕਿਨ ਵਿੱਚ ਚਮਕ ਆਉਂਦੀ ਹੈ।

ਸ਼ਹਿਦ ਅਤੇ ਦਹੀਂ ਦਾ ਮਾਸਕ: ਸ਼ਹਿਦ ਅਤੇ ਦਹੀਂ ਵਿੱਚ ਜ਼ਰਾ ਜਿੰਨੀ ਰੈੱਡ ਵਾਈਨ ਮਿਲਾ ਲਓ। ਇਸ ਨੂੰ ਚਿਹਰੇ ਉੱਤੇ ਵੀਹ ਮਿੰਟ ਤੱਕ ਲਾਈ ਰੱਖਣ ਪਿੱਛੋਂ ਸਾਦੇ ਪਾਣੀ ਨਾਲ ਧੋ ਲਓ। ਇਹ ਟੈਨਿੰਗ ਦੂਰ ਕਰ ਕੇ ਚਮੜੀ ਵਿੱਚ ਚਮਕ ਲਿਆਉਂਦਾ ਹੈ ਅਤੇ ਚਮੜੀ ਨੂੰ ਮੁਲਾਇਮ ਬਣਾਉਂਦਾ ਹੈ।

ਖੀਰਾ ਅਤੇ ਪਪੀਤੇ ਦਾ ਮਾਸਕ: ਖੀਰਾ ਅਤੇ ਪੱਕੇ ਪਪੀਤੇ ਦਾ ਗੁੱਦਾ ਦਹੀਂ ਵਿੱਚ ਮਿਕਸ ਕਰ ਲਓ ਅਤੇ ਉਸ ਵਿੱਚ ਦੋ ਛੋਟੇ ਜੌਂ ਅਤੇ ਕੁਝ ਬੂੰਦਾਂ ਨਿੰਬੂ ਦੇ ਰਸ ਦੀਆਂ ਮਿਲਾ ਲਓ। ਇਸ ਨੂੰ ਚਿਹਰੇ ਅਤੇ ਗਰਦਨ ਉੱਤੇ ਲਾਓ। ਅੱਧੇ ਘੰਟੇ ਬਾਅਦ ਇਸ ਨੂੰ ਪਾਣੀ ਨਾਲ ਧੋ ਲਓ। ਇਸ ਨਾਲ ਤੁਹਾਡੇ ਚਿਹਰੇ ਵਿੱਚ ਨਿਖਾਰ ਆਏਗਾ।

### ਹਲਕਾ ਫੁਲਕਾ

ਵਿਆਹ ਵਿੱਚ ਪੱਪੂ ਬੜੀ ਦੇਰ ਤੋਂ ਖਾਣਾ ਖਾ ਰਿਹਾ ਸੀ...
ਕਿਸੇ ਨੇ ਪੁੱਛਿਆ, “ਓਏ! ਹੋਰ ਕਿੰਨਾ ਖਾਵੇਂਗਾ?”
ਪੱਪੂ, “ਜੀ, ਮੈਂ ਖਾਂਦੇ-ਪੀਂਦੇ ਪ੍ਰੇਸ਼ਾਨ ਹੋ ਗਿਆ ਹਾਂ, ਪਰ ਕੀ ਕਰਾਂ ਵਿਆਹ ਦੇ ਕਾਰਡ ਵਿੱਚ ਲਿਖਿਆ ਹੈ ਕਿ ਖਾਣਾ ਖਾਣ ਦਾ ਸਮਾਂ ਸੱਤ ਤੋਂ 10 ਵਜੇ ਤੱਕ।”

********

ਪਤੀ, “ਇਸ ਮਹੀਨੇ ਮੈਂ ਤੈਨੂੰ ਇੱਕ ਪੈਸਾ ਵੀ ਨਹੀਂ ਦੇਵਾਂਗਾ।”
ਪਤਨੀ, “ਤੁਸੀਂ ਬਸ ਮੈਨੂੰ ਪੰਜ ਸੌ ਰੁਪਏ ਉਧਾਰ ਦੇ ਦਿਓ, ਤੁਹਾਡੀ ਸੈਲਰੀ ਮਿਲਣ ਉਤੇ ਤੁਹਾਨੂੰ ਵਾਪਸ ਕਰ ਦੇਵਾਂਗਾ।”

********

ਨੌਕਰਾਣੀ, “ਮਾਲਕਣ, ਮੈਨੂੰ 10 ਦਿਨ ਦੀ ਛੁੱਟੀ ਚਾਹੀਦੀ ਹੈ।”
ਮਾਲਕਣ, “ਜੇ ਤੂੰ ਛੁੱਟੀ ਚਲੀ ਜਾਵੇਂਗੀ ਤਾਂ ਸਾਹਿਬ ਦਾ ਨਾਸ਼ਤਾ ਕੌਣ ਬਣਾਏਗਾ, ਟਿਫਨ ਕੌਣ ਪੈਕ ਕਰੇਗਾ, ਕੱਪੜੇ ਕੌਣ ਧੋਵੇਗਾ, ਉਨ੍ਹਾਂ ਨੂੰ ਟਾਈਮ ਉਤੇ ਦਵਾਈ ਕੌਣ ਦੇਵੇਗਾ?”
ਨੌਕਰਾਣੀ, “ਠੀਕ ਹੈ ਤਾਂ ਫਿਰ ਮੈਂ ਮਾਲਕ ਨੂੰ ਵੀ ਆਪਣੇ ਨਾਲ ਲੈ ਜਾਂਦੀ ਹਾਂ।”



# ਗਦਰੀ ਬਾਬਿਆਂ ਦਾ ਮੇਲਾ ਐਤਕੀਂ ਸਾਮਰਾਜ ਖਿਲਾਫ ਜੂਝਣ ਵਾਲਿਆਂ ਨੂੰ ਸਮਰਪਤ ਹੋਵੇਗਾ

ਜਲੰਧਰ, 25 ਜੁਲਾਈ (ਪੋਸਟ ਬਿਊਰੋ)- ਦੇਸ਼ ਭਗਤ ਯਾਦਗਾਰ ਕਮੇਟੀ ਦੀ ਮੀਟਿੰਗ ਕੱਲ੍ਹ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਇਸ ਵਾਰ 31ਵਾਂ ਗਦਰੀ ਬਾਬਿਆਂ ਦਾ ਮੇਲਾ ਸਾਮਰਾਜੀ ਤੇ ਫਾਸ਼ੀਵਾਦੀ ਹਮਲੇ ਖਿਲਾਫ ਜੂਝਦੀਆਂ ਲਹਿਰਾਂ ਅਤੇ ਸੰਗਰਾਮੀਆਂ ਨੂੰ ਸਮਰਪਤ ਹੋਵੇਗਾ।
ਕਮੇਟੀ ਦੇ ਜਨਰਲ ਸੈਕਟਰੀ ਗੁਰਮੀਤ ਸਿੰਘ ਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਇਸ ਵਾਰ ਮੇਲਾ ਸਾਮਰਾਜੀ ਤੇ ਬਹੁ ਕੌਮੀ ਕੰਪਨੀਆਂ ਦੇ ਚੌਤਰਫੇ ਹੱਲੇ, ਫਿਰਕੂ, ਫਾਸ਼ੀ ਹਨੇਰੀ ਅਤੇ ਬੁੱਧੀਜੀਵੀਆਂ ਅਤੇ ਪੱਤਰਕਾਰਾਂ ਉਤੇ ਮਾਰੂ ਹਮਲਿਆਂ ਨੂੰ ਪਛਾੜਨ ਲਈ ਉਠੀਆਂ ਲਹਿਰਾਂ ਨੂੰ ਸਮਰਪਿਤ ਹੋਵ-ੇਗਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਲਹਿਰਾਂ ਦੌਰਾਨ ਕੁਰਬਾਨੀਆਂ ਦੇਣ ਵਾਲੇ ਜੁਝਾਰੂਆਂ ਦੀ ਸ਼ਾਨਾਮੱਤੀ ਭੂਮਿਕਾ ਤੋਂ ਪ੍ਰੇਰਨਾ ਲੈਂਦਿਆਂ ਲੋਕਾਂ ਨੂੰ ਜਨਤਕ ਲਹਿਰ ਉਸਾਰਨ ਦਾ ਪੈਗਾਮ ਦਿੱਤਾ ਜਾਵੇਗਾ। ਇਸ ਵਾਰ ਪਹਿਲੀ ਨਵੰਬਰ ਸਵੇਰ ਨੂੰ ਗਦਰੀ ਝੰਡਾ ਲਹਿਰਾਉਣ ਦੀ ਰਸਮ ਕਮੇਟੀ ਦੇ ਮੈਂਬਰ ਉੱਤੇ ਉਘੇ ਖੋਜੀ ਲੇਖਕ ਸਵਰਨ ਸਿੰਘ ਵਿਰਕ ਨਿਭਾਉਣਗੇ। ਸ਼ਹੀਦ ਊਧਮ ਸਿੰਘ ਦੀ ਸੋਚ ਤੇ ਕਰਨੀ ਨੂੰ ਸਿਜਦੇ ਵਜੋਂ ਦੇਸ਼ ਭਗਤ ਯਾਦਗਾਰ ਹਾਲ ਨੂੰ ਮੇਲੇ ਦੌਰਾਨ 'ਰਾਮ ਮੁਹੰਮਦ ਸਿੰਘ ਆਜ਼ਾਦ ਨਗਰ' ਦਾ ਨਾਂਅ ਦਿੱਤਾ ਜਾਵੇਗਾ ਤੇ ਪ੍ਰਵੇਸ਼ ਦੁਆਰ ਵੀ ਇਸ ਨਾਂਅ ਉੱਤੇ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 30, 31 ਅਕਤੂਬਰ ਅਤੇ ਇੱਕ ਨਵੰਬਰ ਨੂੰ ਹੋ ਰਹੇ ਤਿੰਨ ਰੋਜ਼ਾ ਮੇਲੇ ਵਿੱਚ ਗਾਇਨ, ਭਾਸ਼ਨ, ਕੁਇਜ਼, ਕਵੀ ਦਰਬਾਰ, ਫਿਲਮ, ਸ਼ੋਅ, ਗੀਤ ਸੰਗੀਤ ਅਤੇ ਨਾਟਕ ਖੇਡੇ ਜਾਣਗੇ। ਮੇਲੇ ਲਈ ਪਾਕਿਸਤਾਨ ਦੁ ਕਵੀਆਂ, ਨਾਟਕਕਾਰਾਂ ਨੂੰ ਸੱਦਾ ਭੇਜਿਆ ਗਿਆ ਹੈ। ਇਸ ਮੌਕੇ ਪੰਜਾਬ ਤੇ ਬਾਹਰਲੀਆਂ ਵੰਨ-ਸੁਵੰਨੀਆਂ ਕਲਾ ਕ੍ਰਿਤਾਂ ਨਾਲ ਮੇਲਾ ਬੁਲੰਦੀਆਂ ਛੋਹੇਗਾ। ਮੀਟਿੰਗ ਦੌਰਾਨ ਪਾਸ ਕੀਤੇ ਮਤਿਆਂ ਵਿੱਚ ਮੰਗ ਕੀਤੀ ਗਈ ਕਿ ਜਲ੍ਹਿਆਂਵਾਲਾ ਬਾਗ ਦਾ ਮੂਲ ਰੂਪ ਬਹਾਲ ਕੀਤਾ ਜਾਵੇ, ਦਾਖਲਾ ਟਿਕਟਾਂ ਲਾਉਣ ਦਾ ਫੈਸਲਾ ਵਾਪਸ ਲਿਆ ਜਾਵੇ, ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਭਾਅ ਜੀ ਦੇ ਜੱਦੀ ਘਰ ਖਾਲਸਾ ਨਿਵਾਸ ਨੂੰ ਵਿਰਾਸਤੀ ਯਾਦਗਾਰ ਦਾ ਦਰਜਾ ਦਿੱਤਾ ਜਾਵੇ ਤੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਜਮਹੂਰੀ ਕਾਮਿਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।




# ਸ਼੍ਰੋਮਣੀ ਕਮੇਟੀ ਫਿਰ ਵਿਵਾਦਾਂ ਵਿੱਚ: ਧਰਮ ਪ੍ਰਚਾਰ ਲਈ ਪ੍ਰਮਾਣਤ ਤੋਂ ਵੱਧ ਧਾਰਮਿਕ ਕਿਤਾਬਾਂ ਛਾਪਣ ਉੱਤੇ ਅਧਿਕਾਰੀਆਂ ਨੂੰ ਜੁਰਮਾਨਾ

ਅੰਮ੍ਰਿਤਸਰ, 25 ਜੁਲਾਈ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਆਪਣੇ ਕਾਰਨਾਮਿਆਂ ਕਰ ਕੇ ਸੁਰਖੀਆਂ ਵਿੱਚ ਰਹਿੰਦੀ ਹੈ। ਇਸ ਵਾਰ ਇਸ ਨੇ ਹੈਰਾਨੀਜਨਕ ਹੁਕਮ ਜਾਰੀ ਕਰ ਕੇ ਕੁਝ ਅਧਿਕਾਰੀਆਂ ਨੂੰ ਇਸ ਕਰ ਕੇ ਜੁਰਮਾਨਾ ਕੀਤਾ ਹੈ ਕਿ ਉਨ੍ਹਾਂ ਨੇ ਧਰਮ ਪ੍ਰਚਾਰ ਲਈ ਪ੍ਰਮਾਣਤ ਧਾਰਮਿਕ ਕਿਤਾਬਾਂ ਵੱਧ ਛਾਪੀਆਂ ਸਨ।ਕਮੇਟੀ ਦੇ ਇਸ ਫੁਰਮਾਨ ਕਰ ਕੇ ਪੰਥਕ ਹਲਕਿਆਂ ਵਿੱਚ ਇਹ ਚਰਚਾ ਜ਼ੋਰਾਂ ਉੱਤੇ ਹੈ ਕਿ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਇਸ ਫੁਰਮਾਨ ਕਰ ਕੇ ਅਧਿਕਾਰੀ ਭਵਿੱਖ ਵਿੱਚ ਧਰਮ ਪ੍ਰਚਾਰ ਦੇ ਕੰਮ ਕਰਨ ਤੋਂ ਵੀ ਗੁਰੇਜ ਕਰਨਗੇ। ਵਰਨਣ ਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਧਰਮ ਪ੍ਰਚਾਰ ਕਰਨ ਲਈ ਕਰੋੜਾਂ ਰੁਪਏ ਦਾ ਸਾਲਾਨਾ ਬਜਟ ਰਾਖਵਾਂ ਰੱਖਣ ਦੇ ਦਾਅਵੇ ਕੀਤੇ ਜਾਂਦੇ ਹਨ ਅਤੇ ਇਸ ਦੇ ਉਲਟ ਦਸਮੇਸ਼ ਪਿਤਾ ਦੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਬਾਰੇ ਮਸਾਂ 2000 ਕਾਪੀਆਂ ਵੱਧ ਛਾਪਣ ਉੱਤੇ ਕਈ ਮੌਜੂਦਾ ਅਤੇ ਸਾਬਕਾ ਅਧਿਕਾਰੀਆਂ ਨੂੰ ਜੁਰਮਾਨਾ ਕਰ ਦਿੱਤਾ ਹੈ।ਸ਼੍ਰੋਮਣੀ ਕਮੇਟੀ ਮੁਤਾਬਕ ਧਾਰਮਿਕ ਕਿਤਾਬ ਚਾਰ ਸਹਿਬਜ਼ਾਦੇ ਦਾ 2000 ਕਿਤਾਬਾਂ ਛਾਪਣ ਦਾ ਆਰਡਰ ਗੁਰਦੁ-ਆਰਾ ਪ੍ਰਿੰਟਿੰਗ ਪ੍ਰੈਸ ਨੂੰ ਭੇਜਿਆ ਗਿਆ ਸੀ, ਜੋ ਛਪਾਈ ਕਰਵਾ ਕੇ ਧਰਮ ਪ੍ਰਚਾਰ ਲਈ ਭੇਜ ਦਿੱਤੀਆਂ ਸਨ। ਪ੍ਰਿੰਟਿੰਗ ਪ੍ਰੈਸ ਦੇ ਇੰਚਾਰਜ ਦਾ ਤਬਾਦਲਾ ਕਰ ਕੇ ਨਵੇਂ ਅਧਿਕਾਰੀ ਦੀ ਨਿਯੁਕਤੀ ਹੋਈ ਤਾਂ ਉਨਾਂ ਨੇ ਇਹ ਕਿਤਾਬਾਂ ਦੁਬਾਰਾ ਛਪਵਾ ਕੇ ਧਰਮ ਪ੍ਰਚਾਰ ਕਮੇਟੀ ਨੂੰ ਭੇਜ ਦਿੱਤੀਆਂ। ਇਸ ਸਾਰੇ ਨੇ ਸ਼੍ਰੋਮਣੀ ਕਮੇਟੀ ਨੂੰ ਫਿਰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ।

# ਮਾਨ ਵੱਲੋਂ ਜਲ ਸਪਲਾਈ ਦੀ ਦੂਰਵਰਤੀ ਨਿਗਰਾਨੀ ਲਈ ਪ੍ਰੋਜੈਕਟ ਦੀ ਮਨਜ਼ੂਰੀ

ਚੰਡੀਗੜ੍ਹ, 25 ਜੁਲਾਈ (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਨੇ ਜਲ ਸਪਲਾਈ ਤੇ ਸਵੱਛਤਾ ਵਿਭਾਗ ਨੂੰ ਰਾਜ ਵਿੱਚ ਸੂਰਜੀ ਊਰਜਾ ਨਾਲ ਚੱਲਣ ਵਾਲੀਆਂ ਜਲ ਸਪਲਾਈ ਯੋਜਨਾਵਾਂ ਸ਼ੁਰੂ ਕਰਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ ਹਨ।ਵਿਭਾਗ ਦੇ ਕੰਮ-ਕਾਜ ਦੀ ਪ੍ਰਗਤੀ ਦੀ ਜਾਂਚ ਕਰਨ ਲਈ ਆਯੋਜਤ ਬੈਠਕ ਦੀ ਅਗਵਾਈ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਜਲ ਸਪਲਾਈ ਯੋਜਨਾਵਾਂ ਲਈ ਸੂਰਜੀ ਊਰਜਾ ਦੀ ਵਰਤੋਂ ਪ੍ਰਯੋਗ ਬਹੁਤ ਲਾਭਦਾਇਕ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਕੋਸ਼ਿਸ਼ ਨਾਲ ਇੱਕ ਪਾਸੇ ਬਿਜਲੀ ਦੀ ਬਚਤ ਹੋਵੇਗੀ ਅਤੇ ਦੂਸਰੇ ਪਾਸੇ ਪਿੰਡਾਂ ਵਿੱਚ ਪਾਣੀ ਦੀ ਲਗਾਤਾਰ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇਗਾ।

ਇਸ ਬੈਠਕ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੱਸਿਆ ਗਿਆ ਕਿ ਇਸ ਪਹਿਲ ਨਾਲ ਵਿਭਾਗ 1508 ਪਿੰਡਾਂ ਵਿੱਚ ਸੂਰਜੀ ਊਰਜਾ ਨਾਲ ਚੱਲਣ ਵਾਲੀਆਂ ਯੋਜਨਾਵਾਂ ਨੂੰ ਲਾਗੂ ਕਰਨ ਉੱਤੇ ਵਿਚਾਰ ਕਰ ਰਿਹਾ ਹੈ। ਇਸ ਨਾਲ 60.50 ਕਰੋੜ ਦੀ ਲਾਗਤ ਨਾਲ 8708 ਕਿਲੋਵਾਟ ਬਿਜਲੀ ਪੈਦਾ ਕਰ ਕੇ ਨਿਰੰਤਰ ਅਤੇ ਆਤਮਨਿਰਭਰਤਾ ਦਾ ਟੀਚਾ ਹਾਸਲ ਕੀਤਾ ਜਾ ਸਕਦਾ ਹੈ।ਇੱਕ ਹੋਰ ਏਜੰਡੇ ਉੱਤੇ ਵੀ ਵਿਚਾਰ ਕਰਦੇ ਹੋਏ ਮੁੱਖ ਮੰਤਰੀ ਨੇ 1731 ਪਿੰਡਾਂ ਵਿੱਚ ਡਿਜੀਟਲ ਵਿਵਸਥਾ ਲਈ ਸਹਿਮਤੀ ਦਿੱਤੀ, ਜਿੱਥੇ ਯੋਜਨਾਵਾਂ ਨਾਲ ਸਬੰਧਤ ਵੱਖ-ਵੱਖ ਵਿਧੀਆਂ ਨੂੰ ਇੰਟਰਨੈਟ ਨਾਲ ਜੋੜਨ ਅਤੇ ਜਲ ਸਪਲਾਈ ਦੀ ਰਿਮੋਟ ਨਾਲ ਨਿਗਰਾਨੀ ਅਤੇ ਸੰਚਾਲਨ ਦਾ ਕੰਮ ਕੀਤਾ ਜਾਏਗਾ। ਉਨ੍ਹਾਂ ਨੇ 100 ਕਰੋੜ ਰੁਪਏ ਦੀ ਲਾਗਤ ਨਾਲ 93 ਪਿੰਡਾਂ ਅਤੇ 23 ਬਲਾਕਾਂ ਵਿੱਚ 10 ਫੀਸਦੀ ਰਕਮਨਾਲ ਇਸ ਪਾਇਲਟ ਪ੍ਰੋਜੈਕਟ ਨੂੰ ਸ਼ੁਰੂ ਕਰਨ ਦੀ ਮਨਜ਼ੂਰੀ ਦੇ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਭਾਗ ਨੂੰ ਐਮ ਗ੍ਰਾਮ-ਸੇਵਾ ਵਜੋਂ ਡਿਜੀਟਲ ਪਹਿਲ, ਜੋ 100 ਪਿੰਡਾਂ ਦੇ ਪਾਇਲਟ ਪ੍ਰੋਜੈਕਟ ਦੇ ਤੌਰ ਉੱਤੇ ਲਾਂਚ ਕੀਤੀ ਸੀ, ਉਸ ਦੀ ਸ਼ੁਰੂਆਤ ਕਰਨ ਨੂੰ ਕਿਹਾ, ਜਿਸ ਨਾਲ ਮਾਲੀਆ ਇਕੱਠਾ ਕਰਨ ਅਤੇ ਵਿੱਤੀ ਪ੍ਰਬੰਧਾਂ ਵਿੱਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਜਾ ਸਕੇ।



# ਬਠਿੰਡਾ ਏਮਸ ਦਾ ਮਾਮਲਾ: ਪਹਿਲਾਂ ਬਿਨਾਂ ਮਾਨਤਾ ਵੇਖੇ ਹੋਏ ਪੀ ਜੀ ਵਿੱਚ ਦਾਖਲਾ ਦੇ ਦਿੱਤਾ, ਫਿਰ ਜੂਨੀਅਰ ਰੈਜ਼ੀਡੈਂਟ ਮੰਨਣ ਲੱਗੇ

ਬਠਿੰਡਾ, 25 ਜੁਲਾਈ (ਪੋਸਟ ਬਿਊਰੋ)- ਜਨਵਰੀ 2022 ਵਿੱਚਬਠਿੰਡਾ ਦੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ(ਏਮਸ) ਵਿੱਚ ਪੀ ਜੀ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਅੱਜਕੱਲ੍ਹ ਸੰਘਰਸ਼ ਦੇ ਰਾਹਚੱਲਣ ਲਈ ਮਜਬੂਰ ਹੋ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਦਾਖਲੇ ਦੇ ਛੇ ਮਹੀਨੇ ਪਿੱਛੋਂ ਬਠਿੰਡਾ ਏਮਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਪੀ ਜੀ ਨਾ ਮੰਨ ਕੇ ਉਨ੍ਹਾਂ ਨੂੰ ਨਾਨ ਅਕੈਡਮਿਕ ਜੇ ਆਰ ਐਸ (ਜੂਨੀਅਰ ਰੈਜ਼ੀਡੈਂਟ) ਦਾ ਦਰਜੇ ਦਾ ਐਲਾਨ ਕੀਤਾ ਹੈ। ਇਸ ਨਾਲ ਏਮਸ ਵਿੱਚ ਦਾਖਲਾ ਲੈਣ ਵਾਲੇ ਕਰੀਬ ਪੰਜਾਹ ਵਿਦਿਆਰਥੀਆਂ ਦਾ ਭਵਿੱਖ ਹਨੇਰੇ ਵਿੱਚ ਹੈ।

ਇਨ੍ਹਾਂ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜੂਨੀਅਰ ਰੈਜ਼ੀਡੈਂਟ ਬਣਨ ਲਈ ਆਲ ਇੰਡੀਆ ਲੈਵਲ ਦੀ ਇਹ ਪ੍ਰੀਖਿਆ ਪਾਸ ਕਰਨ ਦੀ ਲੋੜ ਵੀ ਨਹੀਂ ਸੀ, ਇਹ ਕੰਮ ਉਹ ਆਪਣੇ-ਆਪਣੇ ਸੂਬਿਆਂ ਵਿੱਚ ਵੀ ਕਰ ਸਕਦੇ ਸਨ। ਉਨ੍ਹਾਂ ਦੱਸਿਆ ਕਿ ਬਠਿੰਡਾ ਏਮਸ ਵਿੱਚ ਪੰਜਾਹ ਸੀਟਾਂ ਲਈ ਉਨ੍ਹਾਂ ਨੇ ਜਨਵਰੀ ਵਿੱਚ ਦਾਖਲਾ ਲਿਆ ਤਾਂ ਏਮਸ ਪ੍ਰਸ਼ਾਸਨ ਨੇ ਕਿਹਾ ਸੀ ਕਿ ਉਨ੍ਹਾਂ ਦਾ ਕੋਰਸ ਇੱਕ ਫਰਵਰੀ ਤੋਂ ਸ਼ੁਰੂ ਹੋਵੇਗਾ। ਵਿਦਿਆਰਥੀਆਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਐਮ ਡੀ, ਐਮ ਐਸ, ਐਮ ਡੀ ਐਸ ਵਿੱਚ ਦਾਖਲਾ ਲਿਆ ਸੀ, ਪ੍ਰੰਤੂ ਏਮਸ ਦੇ ਅਧਿਕਾਰੀ ਕਹਿੰਦੇ ਹਨ ਕਿ ਉਨ੍ਹਾਂ ਦਾ ਦਾਖਲਾ ਇੱਕ ਫਰਵਰੀ ਤੋਂ ਇਸ ਲਈ ਮੰਨਣਯੋਗ ਨਹੀਂ ਹੋਵੇਗਾ, ਕਿਉਂਕਿ ਡਿਗਰੀ ਲਈ ਓ ਟੀ (ਓਪਰੇਸ਼ਨ ਥੀਏਟਰ) ਤੇ ਐਮਰਜੈਂਸੀ ਵਿੱਚ ਕੰਮ ਕਰਨਾ ਜ਼ਰੂਰੀ ਹੈ। ਏਮਸ ਵਿੱਚ ਅਜੇ ਤੱਕ ਓ ਟੀ ਅਤੇ ਐਮਰਜੈਂਸੀ ਦੀ ਸਹੂਲਤ ਪੂਰੀ ਸ਼ੁਰੂ ਨਹੀਂ ਹੋਈ।



# ਸਮਾਪਤੀ ਸਮਾਗਮ ਸ਼ਹੀਦ ਊਧਮ ਸਿੰਘ ਨੂੰ ਸਮਰਪਤ ਹੋਵੇ : ਹਰਭਜਨ ਸਿੰਘ

ਚੰਡੀਗੜ੍ਹ, 25 ਜੁਲਾਈ (ਪੋਸਟ ਬਿਊਰੋ)- ਪੰਜਾਬ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਕੇਂਦਰ ਦੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ 'ਆਜ਼ਾਦੀ ਦਾ ਅੰਮ੍ਰਿਤ ਮਹਾਉਤਸਵ' ਹੇਠ 25 ਜੁਲਾਈ ਤੋਂ 31 ਅਗਸਤ ਤਕ ਮਨਾਏ ਜਾ ਰਹੇ 'ਉਜਵਲ ਭਾਰਤ ਉਜਵਲ ਭਵਿੱਖ-ਪਾਵਰ 2047' ਪ੍ਰੋਗਰਾਮ ਦਾ ਸਮਾਪਤੀ ਸਮਾਰੋਹ ਦੇਸ਼ ਦੀ ਆਜ਼ਾਦੀ ਲਈ ਜਾਨ ਕੁਰਬਾਨ ਕਰਨ ਵਾਲੇ ਮਹਾਨ ਦੇਸ਼ ਭਗਤ ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਕੀਤਾ ਜਾਵੇ।
ਕੇਂਦਰੀ ਬਿਜਲੀ ਤੇ ਨਵਿਆਉਣਯੋਗ ਊਰਜਾ ਬਾਰੇ ਮੰਤਰੀ ਆਰ ਕੇ ਸਿੰਘ ਨੂੰ ਲਿਖੇ ਗਏ ਪੱਤਰ ਵਿੱਚ ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਇਹ ਪ੍ਰੋਗਰਾਮ ਉਸ ਮਹਾਨ ਕ੍ਰਾਂਤੀਕਾਰੀ ਤੇ ਧਰਤੀ ਦੇ ਪੁੱਤਰ ਨੂੰ ਸਮਰਪਤ ਕਰਨਾ ਸੱਚੀ ਸ਼ਰਧਾਂਜਲੀ ਹੋਵੇਗੀ। ਉਨ੍ਹਾ ਲਿਖਿਆ ਹੈ ਕਿ ਦੇਸ਼ 'ਉਜਵਲ ਭਾਰਤ, ਉਜਵਲ ਭਵਿੱਖ-ਪਾਵਰ 2047' ਪ੍ਰੋਗਰਾਮ ਮਨਾ ਰਿਹਾ ਹੈ, ਜਿਸ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਮਨਾਏ ਜਾਣ ਵਾਲੇ ਜਸ਼ਨਾਂ ਰਾਹੀਂ ਬਿਜਲੀ ਤੇ ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਲਿਆਂਦੇ ਬਦਲਾਅ ਬਾਰੇ ਰਾਜਾਂ ਤੇ ਕੇਂਦਰ ਸਰਕਾਰਾਂ ਦੀਆਂ ਪ੍ਰਾਪਤੀਆਂ ਨੂੰ ਪ੍ਰਦਰਸ਼ਿਤ ਕੀਤਾ ਜਾਣਾ ਹੈ।ਕੈਬਨਿਟ ਮੰਤਰੀ ਨੇ 21 ਜੁਲਾਈ ਦੀ ਮੀਟਿੰਗ ਦਾ ਹਵਾਲਾ ਦੇ ਕੇ ਕਿਹਾ, ''ਮੈਂ ਪਹਿਲਾਂ ਵੀ ਇਨ੍ਹਾਂ ਜਸ਼ਨਾਂ ਦੇ ਸਮਾਪਤੀ ਸਮਾਰੋਹ ਮਹਾਨ ਸ਼ਹੀਦ ਤੇ ਸੁਤੰਤਰਤਾ ਸੈਨਾਨੀ ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਮਨਾਉਣ ਦੀ ਅਪੀਲ ਕੀਤੀ ਸੀ।'' ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਹਰ ਸਾਲ 31 ਜੁਲਾਈ ਨੂੰ ਹੁੰਦਾ ਹੈ।



# ਗੁਰਦੁਆਰੇ ਦੇ ਪ੍ਰਬੰਧਾਂ ਬਾਰੇ ਦੋ ਧਿਰਾਂ ਆਹਮੋ-ਸਾਹਮਣੇ

ਜਲੰਧਰ, 25 ਜੁਲਾਈ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਗੁਰਦੁ-ਆਰਾ ਪਾਤਸ਼ਾਹੀ ਤੀਜੀ ਗੁਰੂ ਅਮਰਦਾਸ ਜੀ ਏਕਤਾ ਵਿਹਾਰ ਜਲੰਧਰ ਦੇ ਪ੍ਰਬੰਧਾਂ ਬਾਰੇ ਪਿਛਲੇ ਕੁਝ ਦਿਨਾਂ ਤੋਂ ਦੋ ਧਿਰਾਂ ਵਿੱਚ ਅੰਦਰ ਖਾਤੇ ਚੱਲ ਰਿਹਾ ਵਿਵਾਦ ਕੱਲ੍ਹ ਖੁੱਲ੍ਹ ਕੇ ਬਾਹਰ ਆ ਗਿਆ, ਜਦੋਂ ਦੋਹਾਂ ਧਿਰਾਂ ਦੇ ਲੋਕ ਗੁਰ-ਦੁਆਰਾ ਸਾਹਿਬ ਪਹੁੰਚੇ ਤਾਂ ਤਣਾਅ ਬਣ ਗਿਆ।

ਡੀ ਸੀ ਪੀ ਜਗਮੋਹਨ ਸਿੰਘ ਦੀ ਅਗਵਾਈ ਵਿੱਚ ਪੁਲਸ ਨੇ ਮੌਕੇ ਉੱਤੇ ਪੁੱਜ ਕੇ ਦੋਹਾਂ ਧਿਰਾਂਦਾ ਟਕਰਾਅ ਟਾਲਦੇ ਹੋਏ ਸਥਿਤੀ ਨੂੰ ਸੰਭਾਲਿਆ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਮੌਜੂਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਕਮੇਟੀ ਮੈਂਬਰ ਅਮਨਦੀਪ ਸਿੰਘ ਨੂੰ ਬਰਖਾਸਤ ਕਰ ਦਿੱਤਾ ਸੀ, ਜਿਸ ਬਾਰੇ ਇਸ ਮਾਮਲੇ ਦੀ ਸ਼ੁਰੂਆਤ ਇਕੱਠ ਕਰਨ ਤੋਂ ਬਾਅਦ ਪ੍ਰਬੰਧਾਂ ਲਈ ਦੂਸਰੀ ਕਮੇਟੀ ਚੁਣਨੀ ਚਾਹੀ ਜਿਸ ਕਰਕੇ ਵਿਵਾਦ ਭਖ ਪਿਆ। ਇਸ ਮੌਕੇ ਮੌਜੂਦਾ ਪ੍ਰਬੰਧਕ ਕਮੇਟੀ ਨੇ ਸੰਗਤਨਾਲ ਗੁਰਦੁਆਰਾ ਸਾਹਿਬ ਦੇ ਬਾਹਰ ਸਤਿਨਾਮ ਵਾਹਿਗੁਰੂ ਦਾ ਜਾਪ ਸ਼ੁਰੂ ਕਰ ਦਿਤਾ, ਪਰ ਆਗੂਆਂ ਅਤੇ ਪੁਲਸ ਨੇ ਮਸਲੇ ਨੂੰ ਸ਼ਾਂਤੀ ਪੂਰਨ ਢੰਗ ਨਾਲ ਹੱਲ ਕਰ ਲਿਆ। ਧਾਰਮਿਕ ਆਗੂਆਂ ਨੇ ਸਥਿਤੀ ਦੀ ਨਜ਼ਾਕਤ ਦੇਖ ਕੇ ਮਾਮਲਾ ਸ਼੍ਰੀ ਅਕਾਲ ਤਖ਼ਤ ਸਾਹਿਬ ਸਾਹਮਣੇ ਪੇਸ਼ ਕਰਨ ਦੀ ਤਜਵੀਜ ਰੱਖੀ, ਜਿਸ ਨੂੰ ਸਵੀਕਾਰ ਕਰ ਕੇ ਦੋਹਾਂ ਧਿਰਾਂ ਦੇ ਪੰਜ-ਪੰਜ ਮੈਂਬਰ ਲੈ ਕੇ 10 ਮੈਂਬਰੀ ਕਮੇਟੀ ਬਣਾ ਦਿੱਤੀ ਗਈ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਵਾਰਸ ਸ਼ਾਹ ਪੰਜਾਬ ਦਾ ਸਮਾਜ-ਸਭਿਆਚਾਰਕ ਇਤਿਹਾਸਕਾਰ



ਲੁਧਿਆਣਾ, 25 ਜੁਲਾਈ (ਪੋਸਟ ਬਿਊਰੋ): ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਵਾਰਸ ਸ਼ਾਹ ਦੀ 300 ਸਾਲਾ ਸ਼ਤਾਬਦੀ ਨੂੰ ਸਮਰਪਿਤ ਵਾਰਸ ਸ਼ਾਹ ਯਾਦਗਾਰੀ ਭਾਸ਼ਣ ਅਤੇ ਗਾਇਨ ਦਾ ਆਯੋਜਨ ਮਿਤੀ 22 ਜੁਲਾਈ 2022 ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਕੀਤਾ ਗਿਆ ਹੈ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਕੀਤੀ ਅਤੇ ਮੁੱਖ ਮਹਿਮਾਨ ਦੇ ਤੌਰ ਤੇ ਡਾ. ਸ.ਪ.ਸਿੰਘ, ਸਾਬਕਾ ਉਪਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਸਮਾਗਮ ਦੇ ਮੁਖਵਕਤਾ ਨਾਮੀ ਇਤਿਹਾਸ ਲੇਖਕ ਡਾ.ਸੁਮੇਲ ਸਿੰਘ ਸਿੱਧੂ ਸਨ।

ਪੰਜਾਬੀ ਸਾਹਿਤ ਅਕਾਡਮੀ,ਲੁਧਿਆਣਾ ਦੇ ਪ੍ਰਧਾਨ ਡਾ.ਲਖਵਿੰਦਰ ਸਿੰਘ ਜੌਹਲ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਵਾਰਸ ਸ਼ਾਹ 18ਵੀਂ ਸਦੀ ਦਾ ਉਹ ਯੁੱਗ ਕਿੱਸਾ-ਕਾਰ ਹੈ ਜਿਸ ਨੇ ਹੀਰ ਦੇ ਕਿੱਸੇ ਨੂੰ ਅਮਰ ਤਾਂ ਕੀਤਾ ਹੀ, ਨਾਲ ਹੀ ਉਸ ਸਮੇਂ ਦੇ ਸਮਾਜ-ਸਭਿਆਚਾਰਕ ਸਰੋਤਾਂ ਦੀ ਬੇਮਿਸਾਲ ਪੇਸ਼ਕਾਰੀ ਕੀਤੀ।
ਮੁੱਖ ਵਕਤਾ ਡਾ.ਸੁਮੇਲ ਸਿੰਘ ਸਿੱਧੂ ਹੋਰਾਂ ਆਪਣੇ ਭਾਸ਼ਣ ਵਿਚ ਬਹੁਤ ਮਹਤੱਵਪੂਰਨ ਨੁੱਕਤੇ ਉਠਾਦਿਆਂ ਕਿਹਾ ਕਿ ਵਾਰਸ ਸ਼ਾਹ ਦੀ ਹੀਰ ਦੋ ਕਿਰਦਾਰਾਂ ਹੀਰ ਤੇ ਰਾਂਝੇ ਜ਼ਰੀਏ ਪੰਜਾਬ ਦੇ ਚਿੰਤਨ ਦੀ ਬੇਮਿਸਾਲ ਸਾਖੀ ਹੈ ਜਿਹੜੀ 18ਵੀਂ ਸਦੀ ਵਿਚ ਮੁਗਲ ਸਲਤਨਤ ਦੇ ਕਮਜ਼ੋਰ ਹੋਣ ਅਤੇ ਪੰਜਾਬੀ ਲੋਕਾਂ ਦੀ ਨਾਬਰੀ ਦੀ ਚੜਤ ਨੂੰ ਪੇਸ਼ ਕਰਦੀ ਹੈ। ਹੀਰ ਤੇ ਰਾਂਝਾ ਲੋਕਾਂ ਦੀ ਸਾਂਝੀ ਸੁਰ ਦੀ ਇਕ ਧਿਰ ਹੈ।
ਮੁੱਖ ਮਹਿਮਾਨ ਡਾ.ਸ.ਪ.ਸਿੰਘ ਸਾਬਕਾ ਉਪ ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਸਰ ਹੋਰਾਂ ਆਖਿਆ ਕਿ ਹਰ ਇਕ ਚਿੰਤਕ/ਆਲੋਚਕ ਨੇ ਵਾਰਸ ਸ਼ਾਹ ਨੂੰ ਆਪਣੀ ਸਮਰਥਾ ਮੁਤਾਬਿਕ ਪੜਿਆ ਤੇ ਵਿਸ਼ਲੇਸ਼ਣ ਕੀਤਾ ਹੈ। ਜੋ ਕੁਝ ਅਤੀਤ ਵਿਚ ਹੋਇਆ ਹੈ, ਉਸ ਨੂੰ ਪ੍ਰਵਾਨ ਕਰਕੇ ਅਗੇ ਤੁਰਨਾ ਚਾਹੀਦਾ ਹੈ ਨਾ ਕਿ ਮੁਢੋਂ ਹੀ ਅਕਾਦਮਿਕਤਾ ਨੂੰ ਰੱਦ ਕਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਅੰਤਿਮ ਸੱਚ ਇਕਹਿਰਾ ਨਹੀ ਹੁੰਦਾ ਸਗੋ ਵਿਚਾਧਾਰਕ ਤੌਰ ਤੇ ਗਹਿਰਾ ਹੁੰਦਾ ਹੈ। ਗਲ ਹਰ ਸਮੇ ਅਤੇ ਪ੍ਰਸੰਗ ਵਿਚ ਹੁੰਦੀ ਹੈ ਤੇ ਅਜੋਕਾ ਪ੍ਰਸੰਗ ਹੋਰ ਹੈ।
ਪ੍ਰਧਾਨਗੀ ਭਾਸ਼ਣ ਦਿੰਦਿਆਂ ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਆਖਿਆ ਕਿ ਸਾਨੂੰ ' ਵਾਰਸ ਸ਼ਾਹ ਨੂੰ ਕਿਵੇਂ ਪੜ੍ਹੀਏ ' ਦਾ ਇਕ ਦਸਤਾਵੇਜ਼ ਤਿਆਰ ਕਰਨ ਦੀ ਜ਼ਰੂਰਤ ਹੈ। ਵਾਰਸ ਦੀ ਹੀਰ ਨਵੀਂ ਚਿੰਤਨ ਵਿਧੀ ਦਾ ਇਕ ਖ਼ੂਬਸੂਰਤ ਨਮੂਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਤੇ ਭਾਸ਼ਾ ਵਿਭਾਗ, ਪੰਜਾਬ ਦਾ ਇਹ ਇਕ ਸਲਾਹੁਣਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸੱਤਾਵਾਨ ਵਿਰੁੱਧ ਨਾਬਰੀ ਦੁੱਲੇ ਭੱਟੀ ਤੋਂ ਸ਼ੁਰੂ ਹੋ ਕੇ ਸ.ਭਗਤ ਸਿੰਘ ਤੱਕ ਅਪੜਦੀ ਹੈ।
ਸਮਾਗਮ ਦੇ ਦੂਜੇ ਹਿੱਸੇ ਵਿਚ ਹੀਰ ਦਾ ਗਾਇਨ ਕੀਤਾ ਗਿਆ ਜਿਸ ਵਿਚ ਸ੍ਰੀ ਰਣਧੀਰ ਕਵਲ ਅਤੇ ਸ੍ਰੀ ਅਮਰਜੀਤ ਸਿੰਘ ਸ਼ੇਰਪੁਰੀ ਨੇ ਵਾਰਸ ਸ਼ਾਹ ਦੇ ਕਿੱਸੇ ਹੀਰ ਵਿਚੋਂ ਵਨਗੀਆਂ ਨੂੰ ਪੇਸ਼ ਕਰਦਿਆਂ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਭਾਸ਼ਾ ਵਿਭਾਗ ਦੇ ਭਾਸ਼ਾ ਅਫਸਰ ਸ੍ਰੀ ਸੰਦੀਪ ਸ਼ਰਮਾ ਨੇ ਸਮਾਗਮ ਵਿਚ ਡਾ.ਸ.ਪ.ਸਿੰਘ, ਪ੍ਰੋ.ਗੁਰਭਜਨ ਸਿੰਘ ਗਿੱਲ, ਡਾ. ਸੁਮੇਲ ਸਿੰਘ ਸਿੱਧੂ, ਡਾ.ਲਖਵਿੰਦਰ ਜੌਹਲ ਦਾ ਸਨਮਾਨ ਕੀਤਾ ਅਤੇ ਸ੍ਰੀ ਰਣਧੀਰ ਕਵਲ ਅਤੇ ਅਮਰਜੀਤ ਸ਼ੇਰਪੁਰੀ ਅਤੇ ਸਮਾਗਮ ਵਿਚ ਪਹੁੰਚੇ ਹੋਏ ਸਰੋਤਿਆਂ, ਵਿਦਵਾਨਾਂ , ਦਰਸ਼ਕਾਂ ਦਾ ਧੰਨਵਾਦ ਕੀਤਾ। ਹੋਰਨਾਂ ਤੋ ਇਲਾਵਾ ਇਸ ਸਮਾਗਮ ਵਿਚ ਸ੍ਰੀ ਸੁਖਜੀਤ, ਰਾਜਿੰਦਰ ਰਾਜਨ, ਤਰਨ ਬੱਲ, ਰਮਾਸ਼ੇ ਭੰਡਾਰੀ, ਡਾ.ਹਰਜਿੰਦਰ ਸਿੰਘ ਅਟਵਾਲ (ਜਲੰਧਰ), ਵਿਨੀਸ ਗੋਇਲ, ਗੁਰਲੀਨ ਕੌਰ, ਹਰਲੀਨ ਸੋਨਾ, ਬਲਰਾਜ ਸਿੰਘ, ਗੁਰਪ੍ਰਤਾਪ ਸਿੰਘ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ, ਪ੍ਰੋ. ਰਵਿੰਦਰ ਭੱਠਲ, ਨਿਰਮਲ ਜੌੜਾ, ਗੁਰਚਰਨ ਕੌਰ ਕੋਚਰ, ਭੁਪਿੰਦਰ, ਤ੍ਰੈਲੋਚਨ ਲੋਚੀ, ਕੇ.ਸਾਧੂ ਸਿੰਘ, ਸਰਪੰਚ ਜਗਦੀਸ਼ਪਾਲ ਸਿੰਘ ਗਰੇਵਾਲ ਦਾਦ, ਭੁਪਿੰਦਰ ਸਿੰਘ ਚੌਕੀਮਾਨ, ਮਨਜੀਤ ਕੌਰ, ਭੁਪਿੰਦਰਜੀਤ ਕੌਰ, ਸਹਾਇਕ ਜ਼ਿਲ੍ਹਾਂ ਭਾਸ਼ਾ ਅਫ਼ਸਰ ਤਮਸਾ ਗਿੱਲ, ਸੰਦੀਪ ਖੋਜ ਅਫ਼ਸਰ, ਜਸਵਿੰਦਰ ਧਨਾਨਸੂ, ਅਮਰਜੀਤ ਸ਼ੇਰਪੁਰੀ, ਰਣਧੀਰ ਕੰਵਲ, ਜਗਦੀਪ ਧਮੋਟ, ਸੁਪਰਜੀਤ ਕੌਰ, ਕੁਲਵਿੰਦਰ ਕੌਰ, ਸੁਮਿਤ ਗੁਲਾਟੀ ਚੇਤਨਾ ਪ੍ਰਕਾਸ਼ਨ, ਰਾਜੀਵ ਸ਼ਰਮਾ, ਇੰਦਰਜੀਤਪਾਲ ਕੌਰ, ਸਫ਼ੀਨਾ ਖ਼ਾਤੂਨ, ਜਗਜੀਤ ਸੰਧੂ, ਮਨਦੀਪ ਭੰਮਰਾ, ਨਰਿੰਦਰ ਸੇਖੋਂ, ਬਲਵਿੰਦਰ ਗਲੈਕਸੀ, ਬਲਕੌਰ ਸਿੰਘ ਗਿੱਲ, ਰਵਿੰਦਰ ਰੁਪਾਲ ਕੌਲਗੜ੍ਹ, ਦੀਪ ਜਗਦੀਪ ਅਤੇ ਗਜ਼ਲਗੋ, ਰਾਜਦੀਪ ਤੂਰ ਵਿਸ਼ੇਸ਼ ਤੌਰ 'ਤੇ ਅੱਜ ਦੇ ਸਮਾਗਮ ਵਿਚ ਸ਼ਾਮਲ ਹੋਏ।

# ਚੀਨ ਵੱਲੋਂ ਆਪਣੇ ਪੁਲਾੜ ਸਟੇਸ਼ਨ ਦੇ ਪਹਿਲੇ ਲੈਬ ਮਾਡਿਊਲ ਵਾਲੀ ਸਫਲ ਲਾਂਚਿੰਗ



ਪੇਈਚਿੰਗ, 25 ਜੁਲਾਈ (ਪੋਸਟ ਬਿਊਰੋ)- ਚੀਨ ਨੇ ਕੱਲ੍ਹ ਆਪਣੇ ਨਵੇਂ ਬਣ ਰਹੇ ਪੁਲਾੜ ਸਟੇਸ਼ਨ ਦਾ ਪਹਿਲਾ ਲੈਬ ਮਾਡਿਊਲ ਸਫਲਤਾਪੂਰਵਕ ਲਾਂਚ ਕੀਤਾ ਹੈ। ਇਸ ਸਾਲ ਦੇ ਅੰਤ ਤਕ ਚੀਨ ਦੇ ਮਹੱਤਵਪੂਰਨ ਪੁਲਾੜ ਸਟੇਸ਼ਨ ਦੇ ਨਿਰਮਾਣ ਨੂੰ ਪੂਰਾ ਕਰਨ ਦੀ ਦਿਸ਼ਾ ਵਿੱਚ ਇਹ ਨਵਾਂ ਕਦਮ ਹੈ।

ਇਸ ਬਾਰੇ ਚੀਨ ਦੀ ਪੁਲਾੜ ਏਜੰਸੀ (ਸੀ ਐਮ ਐਸ ਏ) ਅਨੁਸਾਰ ਵੈਂਟੀਆਨ ਨੂੰ ਲੈ ਕੇ ਜਾ ਰਹੇ ਲਾਂਗ ਮਾਰਚ-5ਬੀ ਵਾਈ3 ਰਾਕੇਟ ਨੇ ਦੱਖਣੀ ਟਾਪੂ ਸੂਬੇ ਹੈਨਾਨ ਦੇ ਤੱਟ ਤੋਂ ਦੂਰ ਵੇਨਚਾਂਗ ਪੁਲਾੜ ਯਾਨ ਲਾਂਚ ਸਾਈਟ ਤੋਂ ਉਡਾਣ ਭਰੀ। ਨਵਾਂ ਮਾਡਿਊਲ ਅਸਲ ਮਾਡਿਊਲ ਦੀ ਥਾਂ ਲਵੇਗਾ, ਜਦੋਂ ਇਹ ਕੰਮ ਨਹੀਂ ਕਰੇਗਾ ਅਤੇ ਨਾਲ ਤਿਆਨਗੋਂਗ ਸਪੇਸ ਸੈਂਟਰ ਵਿੱਚ ਇੱਕ ਸ਼ਕਤੀਸ਼ਾਲੀ ਵਿਗਿਆਨਕ ਪ੍ਰਯੋਗਸ਼ਾਲਾ ਵਜੋਂ ਕੰਮ ਕਰੇਗਾ। ਚੀਨ ਫਿਲਹਾਲ ਇਸ ਸਪੇਸ ਸਟੇਸ਼ਨ ਦਾ ਨਿਰਮਾਣ ਕਰ ਰਿਹਾ ਹੈ। ਸਰਕਾਰੀ ਅਖ਼ਬਾਰ 'ਪੀਪਲਜ਼ ਡੇਲੀ' ਦੀ ਖ਼ਬਰ ਮੁਤਾਬਕ ਚੀਨ ਲੈਬ ਮਾਡਿਊਲ ਦੇ ਸਫਲ ਲਾਂਚ ਨਾਲ ਆਪਣੇ ਪੁਲਾੜ ਕੇਂਦਰ ਦਾ ਨਿਰਮਾਣ ਜਲਦੀ ਹੀ ਪੂਰਾ ਕਰਨ ਵਾਲਾ ਹੈ। ਚੀਨ ਦੇ ਤਿਆਨਗੋਂਗ ਸਪੇਸ ਸੈਂਟਰ ਦਾ ਨਿਰਮਾਣ ਇਸ ਸਾਲ ਤਕ ਪੂਰਾ ਹੋਣ ਦੀ ਉਮੀਦ ਹੈ। ਇਸ ਪਿੱਛੋਂ ਇਹ ਸਿੰਗਲ ਮਾਡਿਊਲ ਢਾਂਚੇ ਤੋਂ ਤਿੰਨਮਾਡਿਊਲ ਵਾਲੀ ਨੈਸ਼ਨਲ ਸਪੇਸ ਲੈਬਰਾਟਰੀ ਵਿੱਚ ਬਦਲ ਜਾਵੇਗਾ। ਇਨ੍ਹਾਂ ਵਿੱਚ ਮੂਲ ਮਾਡੀਊਲ ਤਿਆਨਹੇ ਤੇ ਮੇਂਗਤਿਆਨ ਸ਼ਾਮਲ ਹਨ। ਸਰਕਾਰੀ 'ਸ਼ਿਨਹੂਆ' ਨਿਊਜ਼ ਏਜੰਸੀ ਨੇ ਦੱਸਿਆ ਕਿ ਤਿਆਨਹੇ ਮਾਡਿਊਲ ਨੂੰ ਅਪ੍ਰੈਲ 2021 'ਚ ਭੇਜਿਆ ਗਿਆ ਸੀ ਅਤੇ ਮੇਂਗਤਿਆਨ ਮਾਡੀਊਲ ਨੂੰ ਇਸ ਸਾਲ ਅਕਤੂਬਰ ਵਿੱਚ ਭੇਜਿਆ ਜਾਣਾ ਹੈ।

# ਗਵਰਨਰ ਨੇ ਜਹਾਜ਼ ਵਿੱਚ ਆਈ ਪੀ ਐਸ ਅਫ਼ਸਰ ਦੀ ਜਾਨ ਬਚਾਈ



ਤੇਲੰਗਾਨਾ, 25 ਜੁਲਾਈ (ਪੋਸਟ ਬਿਊਰੋ)- ਤੇਲੰਗਾਨਾ ਦੀ ਗਵਰਨਰ ਤਮਿਲਿਸਾਈ ਸੁੰਦਰਰਾਜਨ ਨੇ ਅਜਿਹਾ ਕੰਮ ਕੀਤਾ ਹੈ ਜਿਸ ਨਾਲ ਲੋਕ ਉਨ੍ਹਾਂ ਦੀ ਤਾਰੀਫ਼ ਕਰ ਰਹੇ ਹਨ।

ਦਿੱਲੀ ਤੋਂ ਹੈਦਰਾਬਾਦ ਦੀ ਫ਼ਲਾਈਟ ਵਿੱਚ ਬੈਠੇ ਆਈ ਪੀ ਐਸ ਅਧਿਕਾਰੀ ਦੀ ਸਿਹਤ ਖ਼ਰਾਬ ਹੋ ਗਈ ਤੇ ਉਸ ਮੌਕੇ ਤੇਲੰਗਾਨਾ ਦੀ ਗਵਰਨਰ ਵੀ ਜਹਾਜ਼ ਵਿੱਚ ਸੀ। ਤੇਲੰਗਾਨਾ ਦੀ ਗਵਰਨਰ ਇੱਕ ਡਾਕਟਰ ਵੀ ਹੈ ਤੇ ਉਨ੍ਹਾਂ ਨੇ ਤੁਰੰਤ ਆਈ ਪੀ ਐਸ ਅਧਿਕਾਰੀ ਕੋਲ ਜਾ ਕੇ ਉਸਦੀ ਜਾਨ ਬਚਾਈ। ਸਾਲ 1994 ਬੈਚ ਦੇ ਆਈ ਪੀ ਐਸ ਅਫਸਰ ਕ੍ਰਿਪਾਨੰਦ ਤ੍ਰਿਪਾਠੀ ਉਜੇਲਾ ਦੀ ਸਿਹਤ ਖ਼ਰਾਬ ਹੋਈ ਤਾਂ ਇੰਡੀਗੋ ਦੀ ਫ਼ਲਾਈਟ ਵਿੱਚ ਏਅਰ ਹੋਸਟੈੱਲ ਨੇ ਐਮਰਜੈਂਸੀ ਕਾਲ ਉੱਤੇ ਸਵਾਰੀਆਂ ਨੂੰ ਪੁੱਛਿਆ ਕਿ ਕੋਈ ਡਾਕਟਰ ਹੈ? ਇੰਨਾ ਸੁਣ ਕੇ ਤਾਮਿਲਨਾਡੂ ਦੀਗਵਰਨਰ ਆਈ ਪੀ ਐਸ ਅਧਿਕਾਰੀ ਕੋਲ ਪਹੁੰਚੀ ਅਤੇ ਮੁੱਢਲੀ ਜਾਂਚ ਕਰ ਕੇ ਉਨ੍ਹਾਂ ਦੀ ਜਾਨ ਬਚਾਈ। ਜਦੋਂ ਫ਼ਲਾਈਟ ਹੈਦਰਾਬਾਦ ਪੁੱਜੀ ਤਾਂ ਆਈ ਪੀ ਐਸ ਅਧਿਕਾਰੀ ਕ੍ਰਿਪਾਨੰਦ ਤ੍ਰਿਪਾਠੀ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਉਨ੍ਹਾਂ ਦਾ ਪਲੇਟਲੇਟਸ 14000 ਤਕ ਆ ਗਿਆ ਹੈ। ਹਸਪਤਾਲ ਪਹੁੰਚਣ ਪਿੱਛੋਂ ਕ੍ਰਿਪਾਨੰਦ ਤ੍ਰਿਪਾਠੀ ਨੇ ਕਿਹਾ ਕਿ ਗਵਰਨਰ ਨੇ ਉਨ੍ਹਾਂ ਦੀ ਬਚਾਈ ਹੈ। ਉਨ੍ਹਾਂ ਨੇ ਮਾਂ ਵਾਂਗ ਮੇਰੀ ਮਦਦ ਕੀਤੀ, ਨਹੀਂ ਤਾਂ ਮੈਂ ਹਸਪਤਾਲ ਨਹੀਂ ਪਹੁੰਚ ਸਕਦਾ ਸੀ। ਉਸ ਸਮੇਂ ਮੇਰੀ ਹਾਰਟ ਬੀਟ ਸਿਰਫ਼ 39 ਸੀ ਤੇ ਜਦੋਂ ਮੈਡਮ ਗਵਰਨਰ ਨੇ ਇਸ ਨੂੰ ਚੈਕ ਕੀਤਾ। ਉਨ੍ਹਾਂ ਨੇ ਮੈਨੂੰ ਅੱਗੇ ਝੁਕਣ ਦੀ ਸਲਾਹ ਦਿੱਤੀ ਤੇ ਮੈਨੂੰ ਆਰਾਮ ਕਰਨ ਵਿੱਚ ਮਦਦ ਕੀਤੀ ਜਿਸ ਨਾਲ ਮੇਰੇ ਹਾਰਟ ਬੀਟ ਕੰਟਰੋਲ ਹੋ ਗਈ।

## 'ਸੰਤ ਸਮਾਜ' ਦੀ ਵਿਰੋਧਤਾ ਕਰਨ ਪਿੱਛੋਂ ਸਰਨਾ ਨੂੰ ਮੁੜ 'ਸੰਤ ਸਮਾਜ' ਦਾ ਚੇਤਾ ਆਇਆ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- 'ਸੰਤ ਸਮਾਜ' ਨੂੰ ਪੂਰਾ ਭੰਡ ਚੁੱਕਣ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਮੁੜ 'ਸੰਤ ਸਮਾਜ' ਦਾ ਚੇਤਾ ਆ ਗਿਆ ਹੈ ਤੇ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ 'ਸੰਤ ਸਮਾਜ' ਦੀ ਹਮਾਇਤ ਮੰਗੀ ਹੈ। ਕੱਲ੍ਹ ਸਰਨਾ ਨੇ ਕਿਹਾ, ''ਜਦ ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਦੀ ਮੰਗ ਵੱਲ ਕੋਈ ਧਿਆਨ ਨਹੀਂ ਦੇ ਰਹੀਆਂ, ਉਦੋਂ 'ਸੰਤ ਸਮਾਜ' ਨੂੰ ਨਾਲ ਆ ਕੇ ਸਿੱਖ ਬੰਦੀਆਂ ਦੀ ਰਿਹਾਈ ਲਈ ਆਵਾਜ਼ ਚੁਕਣੀ ਚਾਹੀਦੀ ਹੈ।''

ਵਰਨਣ ਯੋਗ ਹੈ ਕਿ ਆਪਣੀ ਰਿਹਾਇਸ਼ ਵਿਖੇ ਕਰਵਾਏ ਸਮਾਗਮ ਵਿੱਚ ਸਰਨਾ ਭਰਾਵਾਂ ਨੇ ਐਮ ਪੀ ਬਣਨ ਲਈ ਸਿਮਰਨਜੀਤ ਸਿੰਘ ਮਾਨ ਨੂੰ 'ਜੀਉ ਆਇਆਂ' ਆਖਿਆ ਸੀ। ਉਸ ਮੌਕੇ ਆਪਣੀ ਤਕਰੀਰ ਵਿੱਚ ਹੋਰ ਮੁੱਦਿਆਂ ਦੇ ਨਾਲ ਹਰਵਿੰਦਰ ਸਿੰਘ ਸਰਨਾ ਨੇ 'ਸੰਤ ਸਮਾਜ' ਦੀ ਵਿਰੋਧਤਾ ਕਰਦਿਆਂ ਇੱਥੋਂ ਤਕ ਕਿਹਾ ਸੀ, '2013 ਦੀਆਂ ਦਿੱਲੀ ਕਮੇਟੀ ਚੋਣਾਂ ਵਿੱਚ ਸਾਰੇ ਸੰਤ ਸਾਧ ਪਰਮਜੀਤ ਸਿੰਘ ਸਰਨਾ ਨੂੰ ਢਾਹੁਣ ਆਏ ਸਨ',ਪਰ ਬਾਦਲਾਂ ਤੋਂ ਵੱਖ ਹੋ ਕੇ ਸਰਕਾਰੀ ਹਮਾਇਤ ਨਾਲ ਬਣੇ ਨਵੇਂ ਅਕਾਲੀ ਦਲ ਦਿੱਲੀ ਸਟੇਟ ਵੱਲੋਂ 16 ਜੁਲਾਈ ਨੂੰ ਤਾਲਕਟੋਰਾ ਇੰਡੋਰ ਸਟੇਡੀਅਮ ਵਿਖੇ ਆਪਣਾ ਚੋਣ ਨਿਸ਼ਾਨ 'ਟੋਕਰੀ' ਜਾਰੀ ਕੀਤਾ ਗਿਆ ਸੀ। ਉਸ ਮੌਕੇ ਦਮਦਮੀ ਟਕਸਾਲ ਦੇ ਇੱਕ ਧੜੇ ਦੇ ਮੁਖੀ ਅਤੇ ਸੰਤ ਸਮਾਜ ਦੇ ਨੁਮਾਇੰਦੇ ਬਾਬਾ ਹਰਨਾਮ ਸਿੰਘ ਧੁੰਮਾ, (ਜੋ ਪਹਿਲਾਂ ਬਾਦਲਾਂ ਦੇ ਹੱਕ ਵਿੱਚ ਭੁਗਤਦੇ ਸਨ) ਨੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੀ ਪਿੱਠ ਥਾਪੜੀ ਸੀ। ਅਜਿਹੇ ਵਿੱਚ ਸਰਨਾ ਭਰਾ ਚਾਹੁੰਦੇ ਹਨ ਕਿ ਦਿੱਲੀ ਕਮੇਟੀ ਦੇ ਨੇੜੇ ਹੋ ਰਿਹਾ 'ਸੰਤ ਸਮਾਜ' ਬੰਦੀ ਸਿੰਘਾਂ ਦੇ ਮਸਲੇ ਉੱਤੇ ਸਰਨਾ ਭਰਾਵਾਂ ਨਾਲ ਖੜਾ ਹੋ ਜਾਵੇ।

# ਨੇਪਾਲ ਦੀ ਸਾਬਕਾ ਦੇਵੀ 700 ਸਾਲ ਪੁਰਾਣੀ ਪਰੰਪਰਾ ਨੂੰ ਇਸ ਤਰ੍ਹਾਂ ਬਦਲਣ ਲੱਗੀ

* ਖੁਦ ਐਮ ਬੀ ਏ ਕੀਤੀ ਤੇ ਭਵਿੱਖ ਦੀਆਂ ਦੇਵੀਆਂ ਨੂੰ ਪੜ੍ਹਨ ਲਈ ਪ੍ਰੇਰਨ ਲੱਗੀ



ਨੇਪਾਲ, 25 ਜੁਲਾਈ (ਪੋਸਟ ਬਿਊਰੋ)- ਐਮਿਲੀ ਸ਼ਮਾਲ 2001 ਵਿੱਚ ਨੇਪਾਲ ਦੇ ਪਾਟਨ 'ਚ ਛੇ ਸਾਲ ਦੀ 'ਜਿਊਂਦੀ ਦੇਵੀ' ਵਜੋਂ ਚਾਰ ਦਿਨ ਰੋਂਦੀ ਰਹੀ ਤਾਂ ਇਸ ਨੂੰ ਵੱਡਾ ਅਪਸ਼ਗਨ ਮੰਨਿਆ ਗਿਆ ਅਤੇ ਉਸ ਦੇ ਅੱਥਰੂਆਂ ਨੂੰ ਕਿਸੇ ਵੱਡੀ ਰਾਸ਼ਟਰੀ ਤ੍ਰਾਸਦੀ ਦਾ ਖਤਰਾ ਮੰਨਿਆ ਗਿਆ ਸੀ। ਉਸ ਦੇ ਰੋਣ ਦੇ ਆਖਰੀ ਦਿਨ 1 ਜੂਨ 2001 ਨੂੰ ਨੇਪਾਲ ਦੇ ਕਰਾਊਨ ਪ੍ਰਿੰਸ ਨੇ ਆਪਣੇ ਪਿਤਾ ਰਾਜਾ ਬੀਰ ਬੀਰੇਂਦਰ ਬਿਕਰਮ ਸ਼ਾਹ ਤੇ ਰਾਣੀ ਐਸ਼ਵਰਿਆ ਸਮੇਤ ਸ਼ਾਹੀ ਪਰਵਾਰ ਦੇ ਨੌਂ ਮੈਂਬਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਫਿਰ ਪ੍ਰਿੰਸ ਖੁਦ ਨੂੰ ਵੀ ਗੋਲੀ ਮਾਰ ਲਈ ਸੀ।

ਇਸ ਘਟਨਾ ਨੂੰ ਦੋ ਦਹਾਕੇ ਬੀਤ ਚੁੱਕੇ ਹਨ। ਰਾਜਧਾਨੀ ਕਾਠਮੰਡੂ ਤੋਂ ਕੁਝ ਦੂਰੀਪ੍ਰਾਚੀਨ ਸ਼ਹਿਰ ਪਾਟਨ ਦੇ ਇੱਕ ਅਣਐਲਾਨੇ ਦਫਤਰ ਵਿਚ ਜਿਸ ਲੜਕੀ 'ਚਨਿਰਾ ਬਜਰਾਚਾਰੀਆ' ਦੀ ਦੇਵੀ ਵਜੋਂ ਪੂਜਾ ਕੀਤੀ ਜਾਂਦੀ ਸੀ, ਅੱਜ ਉਹ ਪੂਰੀ ਤਰ੍ਹਾਂ ਸੰਸਾਰਕ ਮਾਮਲਿਆਂ ਵਿੱਚ ਉਲਝੀ ਲੜਕੀ ਬਣ ਗਈ ਹੈ। ਪਿੱਛੇ ਜਿਹੇ ਉਸ ਨੇ ਐਮ ਬੀ ਏ ਦੀ ਡਿਗਰੀ ਲਈ ਹੈ ਅਤੇ ਅੱਗੋਂ ਫਾਇਨੈਂਸ਼ੀਅਲ ਕੰਪਨੀ ਵਿੱਚ ਕਰਜ਼ੇ ਬਾਰੇ ਅਰਜ਼ੀਆਂ ਉੱਤੇ ਕੰਮ ਕਰ ਰਹੀ ਹੈ। ਚਨਿਰਾ ਦੀ ਕਹਾਣੀ ਇਸ ਲਈ ਪ੍ਰੇਰਨਾਦਾਇਕ ਹੈ ਕਿ 'ਦੇਵੀ' ਦੀਆਂ ਜ਼ਿੰਮੇਵਾਰੀਆਂ ਸੰਭਾਲਦੇ ਹੋਏ ਵੀ ਉਸ ਨੇ ਪੜ੍ਹਾਈ ਲਈ ਸਮਾਂ ਕੱਢਿਆ। ਉਹ ਆਪਣੀ ਤਰ੍ਹਾਂ ਪਰੰਪਰਾ ਦਾ ਪਾਲਣਾ ਕਰਨ ਵਾਲੇ ਬਾਕੀ 'ਦੇਵੀ-ਦੇਵਤਿਆਂ' (ਬੱਚਿਆਂ) ਨੂੰ ਪੜ੍ਹਨ ਲਈ ਉਤਸ਼ਾਹਤ ਕਰ ਰਹੀ ਹੈ ਅਤੇ ਸੱਤ ਸਦੀਆਂ ਤੋਂ ਚਲੀ ਆ ਰਹੀ ਪਰੰਪਰਾ ਵਿੱਚ ਵੱਡਾ ਸੁਧਾਰ ਲਿਆਉਣ ਲੱਗੀ ਹੋਈ ਹੈ।

ਕਾਰਪੋਰੇਟ ਵਰਲਡ ਵਿੱਚ ਨੌਕਰੀ ਹਾਸਲ ਕਰਨ ਦੀ ਯੋਗਤਾ ਨੇ ਚਨਿਰਾ ਨੂੰ ਪਹਿਲੀਆਂ ਕੁਮਾਰੀਆਂ ਤੋਂ ਵੱਖ ਕਰ ਦਿੱਤਾ ਹੈ, ਜੋ ਅੱਲ੍ਹੜ ਉਮਰ ਵਿੱਚ ਦੇਵੀ ਵਾਂਗ ਪੂਜੀਆਂ ਜਾਂਦੀਆਂ ਸਨ, ਪਰ ਇਨ੍ਹਾਂ ਵਿੱਚੋਂ ਬਹੁਤੀਆਂ ਨੂੰ ਪੜ੍ਹਾਈ ਤੋਂ ਦੂਰ ਕਰ ਦਿੱਤਾ ਗਿਆ ਸੀ। ਚਨਿਰਾ ਦਾ ਸੰਘਰਸ਼ ਵੀ ਘੱਟ ਨਹੀਂ। 27 ਸਾਲ ਦੀ ਚਨਿਰਾ ਕਹਿੰਦੀ ਹੈ, ''ਲੋਕਾਂ ਨੂੰ ਲੱਗਦਾ ਸੀ ਕਿ ਮੈਂ ਦੇਵੀ ਹਾਂ, ਮੈਨੂੰ ਸਭ ਪਤਾ ਹੈ...' ਅਤੇ ਦੇਵੀ ਨੂੰ ਕੌਣ ਸਿਖਾ ਸਕਦਾ ਹੈ। ਅੱਜ ਵੀ ਇੱਕ ਕਮਰਾ ਉਸ ਦੇ ਦੇਵੀ ਰੂਪ ਵਾਲੀਆਂ ਤਸਵੀਰਾਂ ਨਾਲ ਭਰਿਆ ਪਿਆ ਹੈ। ਇੱਕ ਫੋਟੋ ਵਿੱਚ ਉਹ ਕਾਤਲ ਪ੍ਰਿੰਸ ਦੇ ਚਾਚਾ ਗਿਆਨੇਂਦਰ ਨੂੰ ਬੇਖੌਫ ਹੋ ਕੇ ਦੇਖ ਰਹੀ ਹੈ। ਤਦ ਉਸ ਦੇ ਦਿਨ ਮਿਲਣ ਵਾਲਿਆਂ ਦੀਆਂ ਲੰਬੀਆਂ ਲਾਈਨਾਂ ਵਿੱਚ ਬੀਤ ਜਾਂਦੇ ਸਨ। ਲੋਕ ਆ ਕੇ ਉਸ ਦੇ ਪੈਰ ਛੂੰਹਦੇ ਸਨ। ਪਿੱਤਲ ਦੇ ਕਟੋਰਿਆਂ ਵਿੱਚ ਨਗਦੀ ਅਤੇ ਪ੍ਰਸਾਦ ਚੜ੍ਹਾਉਂਦੇ ਸਨ। ਉਹ ਉਨ੍ਹਾਂ ਦੇ ਮੱਥੇ ਉੱਤੇ ਸੰਧੂਰ ਦਾ ਟਿੱਕਾ ਲਾ ਦਿੰਦੀ ਸੀ, ਜਿਸ ਨੂੰ ਅਸ਼ੀਰਵਾਦ ਮੰਨਿਆ ਜਾਂਦਾ ਸੀ। ਇਹ ਪਰੰਪਰਾ ਦੇਵੀ ਤਾਲੇਜੂ ਨਾਲ ਜੁੜੀ ਹੈ, ਜੋ ਇੱਕ ਰਾਜਾ ਦੇ ਵਿਹਾਰ ਤੋਂ ਨਾਰਾਜ਼ ਹੋ ਕੇ ਗਾਇਬ ਹੋ ਗਈ ਸੀ। ਬਾਅਦ ਵਿੱਚ ਉਨ੍ਹਾਂ ਨੇ ਕਿਹਾ ਸੀ ਕਿ ਉਹ ਫਿਰ ਕਦੇ ਆਪਣੇ ਸਰੀਰ ਵਿੱਚ ਪ੍ਰਗਟ ਨਹੀਂ ਹੋਵੇਗੀ, ਤਦ ਉਨ੍ਹਾਂ ਨੂੰ ਇੱਕ ਲੜਕੀ ਦੀ ਪੂਜਾ ਕਰਨੀ, ਉਸ ਦੇ ਜ਼ਰੀਏ ਉਹ ਰਾਜਭਾਗ ਨਾਲ ਜੁੜੀ ਸਲਾਹ ਦੇਣਾ ਜਾਰੀ ਰੱਖੇਗੀ। 14ਵੀਂ ਸ਼ਤਾਬਦੀ ਦੀ ਇਸ ਘਟਨਾ ਪਿੱਛੋਂ ਕਾਠਮੰਡੂ ਦੇ ਨੇਵਾਰ ਫਿਰਕੇ ਤੋਂ ਦੋ ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨੂੰ ਇਸ ਭੂਮਿਕਾ ਲਈ ਚੁਣਿਆ ਜਾਣ ਲੱਗਾ। ਇੱਕ ਸਮੇਂ ਦਰਜਨ ਕੁ ਬੱਚੀਆਂ ਨੂੰ ਦੇਵੀ ਦੀ ਉਪਾਧੀ ਦਿੱਤੀ ਜਾਂਦੀ ਹੈ, ਪਰ ਸਿਰਫ ਤਿੰਨ ਹੀ ਦੇਵੀ ਵਾਲੀ ਜੀਵਨ ਸ਼ੈਲੀ ਦੀ ਪਾਲਣਾ ਕਰਦੀਆਂ ਹਨ।

ਇਸ ਪਰੰਪਰਾ ਨੂੰ ਤਿੰਨ ਕਰੋੜ ਲੋਕਾਂ ਦੇ ਦੇਸ਼ ਵਿੱਚ ਹਿੰਦੂ ਤੇ ਬੁੱਧ ਧਰਮ ਮਿਲਾਪ ਵਜੋਂ ਦੇਖਿਆ ਜਾਂਦਾ ਹੈ। ਨੇਵਾਰ ਭਾਸ਼ਾ ਦੀ ਪ੍ਰੋਫੈਸਰ ਰਹੀ ਚੁੰਡਾ ਬਜਰਾਚਾਰੀਆ ਦੱਸਦੀ ਹੈ ਕਿ ਬੁੱਧ ਧਰਮ ਵਿੱਚ ਬੱਚੀਆਂ ਨੂੰ 'ਰੱਖਿਅਕ' ਮੰਨਿਆ ਜਾਂਦਾ ਹੈ। ਇਹ ਸਾਡੀ ਸੰਸਕ੍ਰਿਤੀ ਤੇ ਪਰੰਪਰਾ ਲਈ ਮਾਣ ਦੀ ਗੱਲ ਹੈ। ਚਨਿਰਾ ਤੋਂ ਪਹਿਲੀਆਂ ਕੁਮਾਰੀਆਂ ਨੇ ਵੀ, ਜਿਨ੍ਹਾਂ ਵਿੱਚ ਉਨ੍ਹਾਂ ਦੀ ਚਾਚੀ ਧਨਾ ਕੁਮਾਰੀ ਸ਼ਾਮਲ ਹੈ, ਰਸਮੀ ਸਿੱਖਿਆ ਨਹੀਂ ਲਈ। ਉਨ੍ਹਾਂ ਨੇ ਅੱਲ੍ਹੜਅਵਸਥਾ ਵਿੱਚ ਪ੍ਰਵੇਸ਼ ਕਰਦੇ ਹੀ ਆਪਣੀ ਦਿਵਿਅਤਾ ਗੁਆ ਦਿੱਤੀ, ਯਾਨੀ ਬਿਨਾਂ ਪੜ੍ਹੇ ਲਿਖੇ ਉਨ੍ਹਾਂ ਦਾ ਬਹੁਤਾ ਜੀਵਨ ਬੀਤਿਆ ਤੇ ਉਹ ਸਿੰਘਾਸਨ ਤੋਂ ਇਲਾਵਾ ਜੀਵਨ ਲੱਭਣ ਲਈ ਸੰਘਰਸ਼ ਕਰਦੀ ਰਹੀ। ਚਨਿਰਾ ਇਸ ਪਰੰਪਰਾ ਵਿੱਚ ਸੁਧਾਰ ਲਿਆਉਣਾ ਚਾਹੁੰਦੀ ਹੈ। ਇਸ ਲਈ ਉਹ ਇਸ ਪਰੰਪਰਾ ਨਾਲ ਜੁੜਨ ਵਾਲਿਆਂ ਨੂੰ ਪੜ੍ਹਾਈ-ਲਿਖਾਈ ਲਈ ਅਪੀਲ ਕਰਦੀ ਹੈ, ਜਿਵੇਂ ਉਸ ਨੇ ਕੀਤੀ ਹੈ।

ਚਨਿਰਾ ਦਾ ਮੰਨਣਾ ਹੈ ਕਿ ਇਸ ਨਾਲ ਜ਼ਿੰਮੇਵਾਰੀ ਤੋਂ ਮੁਕਤ ਹੋਣ ਦੇ ਬਾਅਦ ਸਮਾਜ ਦੀ ਮੁੱਖਧਾਰਾ ਵਿੱਚ ਵਾਪਸ ਮੁੜਨ ਵਿੱਚ ਆਸਾਨੀ ਹੁੰਦੀ ਹੈ। ਇਸ ਦੁਨੀਆ ਵਿੱਚ ਅਨਪੜ੍ਹ ਹੋਣਾ ਬਹੁਤ ਮੁਸ਼ਕਲਾਂ ਭਰਿਆ ਹੈ। ਚਨਿਰਾ ਇਸ ਪਰੰਪਰਾ ਦੀ ਵੱਡੀ ਹਮਾਇਤੀ ਹੈ, ਪਰ ਉਹ ਇਸ ਗੱਲ ਨੂੰ ਬਿਹਤਰ ਸਮਝਦੀ ਸੀ ਕਿ ਉਨ੍ਹਾਂ ਦਾ ਬਚਪਨ ਆਮ ਨਹੀਂ ਸੀ। ਚਨਿਰਾ ਕਹਿੰਦੀ ਹੈ, ''ਉਹ ਮੇਰੀ ਜ਼ਿੰਦਗੀ ਦੇ ਬਿਹਤਰੀਨ ਪਲ ਸਨ। ਸਭ ਮੈਨੂੰ ਮਿਲਣ ਆਉਂਦੇ, ਮੈਨੂੰ ਦੇਖਣ ਅਤੇ ਅਸ਼ੀਰਵਾਦ ਲੈਣ ਲਈ ਤੇ ਤਿਉਹਾਰਾਂ ਉੱਤੇ ਕਾਫੀ ਤੋਹਫੇ ਦਿੰਦੇ ਸਨ। ਉਹ ਇਸ ਗੱਲ ਨੂੰ ਸਿਰੇ ਤੋਂ ਨਕਾਰਦੀ ਹੈ ਕਿ ਇਸ ਜ਼ਿੰਮੇਵਾਰੀ ਦੇ ਕਾਰਨ ਉਨ੍ਹਾਂ ਦੇ ਕਿਸੇ ਅਧਿਕਾਰ ਦਾ ਘਾਣ ਹੋਇਆ ਹੈ। ਲੋਕ ਅਕਸਰ ਇਹ ਸੋਚਦੇ ਹਨ ਕਿ ਦੇਵੀ ਹੋਣ ਕਾਰਨ ਸਾਡੀ ਕੋਈ ਨਿੱਜੀ ਜ਼ਿੰਦਗੀ ਨਹੀਂ ਹੁੰਦੀ, ਸਾਨੂੰ ਖੇਡਣ ਦਾ ਸਮਾਂ ਨਹੀਂ ਮਿਲਦਾ, ਸਾਨੂੰ ਮੁਸਕਰਾਉਣ ਦੀ ਇਜਾਜ਼ਤ ਨਹੀਂ, ਇਹ ਸਾਰੇ ਮਿਥ ਹਨ। ਫਿਰ ਵੀ ਕੋਈ ਇਸ ਨੂੰ ਆਸਾਨ ਭੂਮਿਕਾ ਨਹੀਂ ਮੰਨਦਾ।

# ਭਾਜਪਾ ਵੱਲੋਂ ਸੋਨੀਆ ਲਈ ਵਰਤੀ ਮਾੜੀ ਭਾਸ਼ਾ ਉਤੇ ਕਾਂਗਰਸ ਭੜਕੀ

* ਜੈਰਾਮ ਰਮੇਸ਼ ਨੇ ਜੇ ਪੀ ਨੱਢਾ ਨੂੰ ਚਿੱਠੀ ਲਿਖ ਕੇ ਨਾਰਾਜ਼ਗੀ ਪ੍ਰਗਟਾਈ



ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਆਪਣੀ ਪ੍ਰਧਾਨ ਸੋਨੀਆ ਗਾਂਧੀ ਦੇ ਖਿਲਾਫ ਭਾਜਪਾ ਦੇ ਬੁਲਾਰੇ ਦੀ ਭੈੜੀਅਤੇ ਸ਼ੋਭਾ ਨਾ ਦੇਣ ਵਾਲੀ ਟਿੱਪਣੀ ਉੱਤੇ ਸਖਤ ਇਤਰਾਜ਼ ਕਰਦਿਆਂ ਭਾਜਪਾ ਨੂੰ ਲੰਬੇ ਹੱਥੀਂ ਲਿਆ ਅਤੇ ਕਿਹਾ ਹੈ ਕਿ ਦੇਸ਼ ਦੀ ਸਨਮਾਨਤ ਆਗੂ ਸੋਨੀਆ ਗਾਂਧੀ ਪ੍ਰਤੀ ਬੇਹੱਦ ਘਟੀਆ ਲਹਿਜ਼ੇ ਵਿੱਚਇਸ ਭਾਸ਼ਾ ਦੀ ਵਰਤੋਂ ਭਾਜਪਾ ਦੀ ਔਰਤ ਵਿਰੋਧੀ'ਚਾਲ, ਚਰਿੱਤਰ ਤੇ ਚਿਹਰੇ' ਨੂੰ ਪੇਸ਼ ਕਰਦੀ ਹੈ। ਕਾਂਗਰਸ ਦੇ ਮੁਤਾਬਕ ਅਜਿਹੀ ਸ਼ਰਮਨਾਕ ਬਿਆਨਬਾਜ਼ੀ ਨਾਲ ਦੇਸ਼ ਦੀ ਸਿਆਸਤ ਦਾ ਪੱਧਰ ਲਗਾਤਾਰ ਡਿੱਗਦਾ ਜਾਂਦਾ ਹੈ, ਜਿਸਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੂੰ ਦੇਸ਼ ਦੀਆਂ ਔਰਤਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਭਾਜਪਾ ਦੇ ਕੌਮੀ ਬੁਲਾਰੇ ਪ੍ਰੇਮ ਸ਼ੁਕਲ ਦੀ ਇੱਕ ਨਿਊਜ਼ ਚੈਨਲ ਉੱਤੇ ਚਰਚਾ ਮੌਕੇ ਸੋਨੀਆ ਗਾਂਧੀ ਬਾਰੇ ਭੱਦੀ ਤੇ ਸ਼ੋਭਾ ਨਾ ਦੇਣ ਵਾਲੀ ਟਿੱਪਣੀ ਉੱਤੇ ਕਾਂਗਰਸ ਦੇ ਜਨਰਲ ਸੈਕਟਰੀ ਜੈਰਾਮ ਰਮੇਸ਼ ਨੇ ਬਿਆਨ ਜਾਰੀ ਕਰ ਕੇ ਇਤਰਾਜ਼ ਦਰਜ ਕਰਵਾਇਆ ਅਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਨੂੰ ਚਿੱਠੀ ਲਿਖ ਕੇ ਕਿਹਾ ਕਿ ਕਾਂਗਰਸ ਪ੍ਰਧਾਨ ਜਾਂ ਪਾਰਟੀ ਦੇ ਕਿਸੇ ਹੋਰ ਆਗੂ ਲਈ ਭੱਦੀ ਭਾਸ਼ਾ ਵਰਤਣ ਉੱਤੇ ਪਾਰਟੀ ਮਾਣਹਾਨੀ ਵਰਗੇ ਮੁਕੱਦਮੇ ਦਾ ਕਾਨੂੰਨੀ ਕਦਮ ਚੁੱਕਣ ਲਈ ਮਜਬੂਰ ਹੋਵੇਗੀ।ਉਨ੍ਹਾਂ ਕਿਹਾ ਕਿ ਸੰਸਕਾਰਾਂ ਦੀ ਦੁਹਾਈ ਦੇਣ ਵਾਲੀ ਭਾਜਪਾ ਦੇ ਸਿਖਰਲੇ ਆਗੂਆਂ ਅਤੇ ਬੁਲਾਰਿਆਂ ਨੇ ਵਾਰ-ਵਾਰ ਦੇਸ਼ ਦੀਆਂ ਸਨਮਾਨਤ ਔਰਤਾਂ, ਖਾਸ ਤੌਰ ਉੱਤੇ ਰਾਸ਼ਟਰੀ ਪਾਰਟੀ ਦੀ 75 ਸਾਲਾ ਸਨਮਾਨਤ ਪ੍ਰਧਾਨ ਪ੍ਰਤੀ ਇਤਰਾਜ਼ਯੋਗ ਭਾਸ਼ਾ ਦੀ ਵਰਤੋਂ ਕੀਤੀ ਹੈ। ਵਿਰੋਧੀ ਧਿਰ ਦੇ ਆਗੂਆਂ ਲਈ ਅਪਸ਼ਬਦਾਂ ਦੀ ਵਰਤੋਂ ਕਰਨਾ ਭਾਜਪਾ ਦੀ ਔਰਤ ਵਿਰੋਧੀ ਸੋਚ ਨੂੰ ਦਰਸਾਉਂਦਾ ਹੈ। ਇਨ੍ਹਾਂ ਇਤਰਾਜ਼ਯੋਗ ਟਿੱਪਣੀਆਂ ਨਾਲ ਸਿਆਸਤ ਦਾ ਪੱਧਰ ਡਿੱਗ ਰਿਹਾ ਹੈ। ਔਰਤਾਂ ਦਾ ਸਨਮਾਨ ਵੈਦਿਕ ਕਾਲ ਤੋਂ ਭਾਰਤ ਦੀ ਪਰੰਪਰਾ ਰਹੀ ਹੈ।

## ਪੰਜਾਬ ਵਿੱਚ ਪ੍ਰਚੂਨ ਮਹਿੰਗਾਈ ਦੇਸ਼ ਦੀ ਔਸਤ ਨਾਲੋਂ ਘੱਟ ਰਹੀ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਜੀ ਐਸ ਟੀ (ਮਾਲ ਤੇ ਸੇਵਾਵਾਂ ਟੈਕਸ) ਲਾਗੂ ਹੋਣ ਦੇ ਪੰਜ ਸਾਲ ਬਾਅਦ ਵੀ ਭਾਰਤ ਵਿੱਚ ਪ੍ਰਚੂਨ ਮਹਿੰਗਾਈ ਸਾਰੇ ਰਾਜਾਂ ਵਿੱਚ ਕਾਫੀ ਹੱਦ ਤਕ ਵੱਖ-ਵੱਖ ਹੈ। ਇਸ ਦੀ ਵਜ੍ਹਾ ਸਥਾਨਕ ਪੱਧਰ ਉਤੇ ਲੱਗਦੇ ਟੈਕਸ ਤੇ ਸਪਲਾਈ ਨਾਲ ਜੁੜੇ ਪੱਖ ਹਨ, ਜੋ ਖਪਤਕਾਰ ਕੀਮਤਾਂ ਵਿੱਚ ਫਰਕ ਪੈਦਾ ਕਰਦੇ ਹਨ। ਪੰਜਾਬ ਸਮੇਤ ਕੁਝ ਰਾਜਾਂ ਵਿੱਚ ਮਹਿੰਗਾਈ ਦੀ ਦਰ ਜੂਨ ਮਹੀਨੇ ਕੌਮੀ ਔਸਤ ਨਾਲੋਂ ਘੱਟ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਜੂਨ ਮਹੀਨੇ ਖਪਤਕਾਰ ਮੁੱਲ ਸੂਚਕ ਅੰਕ (ਸੀ ਪੀ ਆਈ) ਆਧਾਰਤ ਮਹਿੰਗਾਈ ਦੀ ਦਰ ਤੇਲੰਗਾਨਾ ਵਿੱਚ 10.5 ਫੀਸਦੀ ਰਹੀ ਤੇ ਬਿਹਾਰ ਵਿੱਚਇਹ ਸਿਰਫ 4.7 ਫੀਸਦੀ ਸੀ, ਜਦ ਕਿ ਕੌਮੀ ਔਸਤ ਸੱਤ ਫੀਸਦੀ ਸੀ। ਮਾਹਰਾਂ ਦੇ ਮੁਤਾਬਕ ਰਾਜਾਂ ਵਿਚਾਲੇ ਮਹਿੰਗਾਈ ਦੇ ਇਸ ਫਰਕ ਲਈ ਆਵਾਜਾਈ ਲਾਗਤ, ਰਾਜ ਸਰਕਾਰਾਂ ਦੀ ਅਲੱਗ-ਅਲੱਗ ਟੈਕਸ ਨੀਤੀ ਤੇ ਸਪਲਾਈ ਦੀ ਯੋਗਤਾ ਦੇ ਪੱਖਾਂ ਨੂੰ ਜ਼ਿੰਮੇਵਾਰ ਕਿਹਾ ਜਾ ਸਕਦਾ ਹੈ। ਨਵੇਂ ਰਿਲੀਜ਼ ਸੀ ਪੀ ਆਈ ਅੰਕੜਿਆਂ ਅਨੁਸਾਰ ਆਂਧਰਾ ਪ੍ਰਦੇਸ਼ ਤੇ ਹਰਿਆਣਾ ਸਮੇਤ ਕੁਝ ਰਾਜਾਂ ਵਿੱਚ ਮਹਿੰਗਾਈ ਅੱਠ ਫੀਸਦੀ ਤੋਂ ਵੱਧ ਰਹੀ ਹੈ। ਕੌਮੀ ਔਸਤ ਤੋਂ ਵੱਧ ਮਹਿੰਗਾਈ ਵਾਲੇ ਰਾਜਾਂ ਵਿੱਚ ਅਸਾਮ, ਗੁਜਰਾਤ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ, ਰਾਜਸਥਾਨ ਤੇ ਪੱਛਮੀ ਬੰਗਾਲ ਸ਼ਾਮਲ ਸਨ। ਜੰਮੂ ਕਸ਼ਮੀਰ ਵਿੱਚ ਮਹਿੰਗਾਈ ਦੀ ਦਰ 7.2 ਫੀਸਦੀ ਸੀ, ਉਤਰਾਖੰਡ, ਯੂ ਪੀ, ਪੰਜਾਬ, ਕਰਨਾਟਕ, ਝਾਰਖੰਡ ਤੇ ਛੱਤੀਸਗੜ੍ਹ ਵਿੱਚ ਮਹਿੰਗਾਈ ਦਰ ਜੂਨ ਮਹੀਨੇ ਕੌਮੀ ਔਸਤ ਤੋਂ ਘੱਟ ਸੀ। ਤਾਮਿਲ ਨਾਡੂ, ਦਿੱਲੀ, ਹਿਮਾਚਲ ਪ੍ਰਦੇਸ਼ ਤੇ ਕੇਰਲਾ ਵਿੱਚ ਪ੍ਰਚੂਨ ਮਹਿੰਗਾਈ ਛੇ ਫੀਸਦੀ ਤੋਂ ਵੀ ਘੱਟ ਹੈ।

# ਰੋਬੋਟ ਦੀ ਚਾਲ ਪੂਰੀ ਹੋਣ ਤੋਂ ਪਹਿਲਾਂ ਖਿਡਾਰੀ ਨੇ ਹੱਥ ਅੱਗੇ ਕੀਤਾ ਤਾਂ ਰੋਬੋਟ ਨੇ ਉਂਗਲ ਮਰੋੜ ਦਿੱਤੀ



ਮਾਸਕੋ, 25 ਜੁਲਾਈ (ਪੋਸਟ ਬਿਊਰੋ)- ਰੂਸ ਦੇ ਮਾਸਕੋ ਵਿੱਚ ਇੱਕ ਸ਼ਤਰੰਜ ਟੂਰਨਾਮੈਂਟ ਦੌਰਾਨ ਰੋਬੋਟ ਨਾਲ ਮੈਚ ਖੇਡਦੇ ਸੱਤ ਸਾਲਾ ਖਿਡਾਰੀ ਦੀ ਉਂਗਲ ਟੁੱਟ ਗਈ। ਇਹ ਘਟਨਾ ਮਾਸਕੋ ਓਪਨ ਚੈਸ ਟੂਰਨਾਮੈਂਟ ਦੌਰਾਨ 19 ਜੁਲਾਈ ਨੂੰ ਹੋਈ। ਚੈਸ ਫੈਡਰੇਸ਼ਨ ਦੇ ਵਾਇਸ ਪ੍ਰੈਜ਼ੀਡੈਂਟ ਸਰਗੇਈ ਸਮਾਗਿਨ ਨੇ ਇਹ ਜਾਣਕਾਰੀ ਦਿੱਤੀ।

ਇਸ ਸੰਬੰਧ ਵਿੱਚ ਉਨ੍ਹਾਂ ਨੇ ਦੱਸਿਆ ਕਿ ਟੂਰਨਾਮੈਂਟ ਦੌਰਾਨ ਕ੍ਰਿਸਟੋਫਰ (7) ਦਾ ਰੋਬੋਟ ਨਾਲ ਮੈਚ ਚੱਲ ਰਿਹਾ ਸੀ। ਇੱਕ ਮੌਕੇ ਰੋਬੋਟ ਦੀ ਚਾਲ ਪੂਰੀ ਕਰਨ ਤੋਂ ਪਹਿਲਾਂ ਕ੍ਰਿਸਟੋਫਰ ਨੇ ਆਪਣੀ ਚਾਲ ਚੱਲਣ ਨੂੰ ਹੱਥ ਅੱਗੇ ਵਧਾ ਦਿੱਤਾ ਤਾਂ ਰੋਬੋਟ ਨੇ ਉਸ ਦੀ ਉਂਗਲ ਫੜ ਲਈ, ਜੋ ਆਪਣੀ ਚਾਲ ਦੇ ਬਾਅਦ ਮੋਹਰੇ ਨੂੰ ਚੈਸ ਬੋਰਡ ਤੋਂ ਉਠਾ ਕੇ ਬਾਹਰ ਰੱਖ ਰਿਹਾ ਸੀ। ਕੁਝ ਪਲਾਂ ਲਈ ਲੱਗਾ ਕਿ ਲੜਕੇ ਦੀ ਉਂਗਲ ਰੋਬਟ ਦੇ ਹੱਥ ਵਿੱਚ ਫਸ ਗਈ ਹੈ। ਕੁਝ ਦੇਰ ਬਾਅਦ ਸਾਹਮਣੇ ਖੜ੍ਹੇ ਲੋਕ ਦਖਲ ਦਿੰਦੇ ਰਹੇ ਅਤੇ ਬੱਚੇ ਦੇ ਹੱਥ ਨੂੰ ਰੋਬਟ ਦੀ ਬਾਂਹ ਦੇ ਚੁੰਗਲ ਤੋਂ ਮੁਕਤ ਕਰਾਉਂਦੇ ਰਹੇ। ਕ੍ਰਿਸਟੋਫਰ ਨੌਂ ਸਾਲ ਤਕ ਦੀ ਉਮਰ ਦੇ ਤੀਹ ਸਭ ਤੋਂ ਮਜ਼ਬੂਤ ਸ਼ਤਰੰਜ ਖਿਡਾਰੀਆਂ ਵਿੱਚੋਂ ਹੈ। ਘਟਨਾ ਕਾਰਨ ਉਸ ਦੀ ਉਂਗਲ ਵਿੱਚ ਫਰੈਕਚਰ ਹੋ ਗਿਆ ਤੇ ਝਰੀਟ ਆ ਗਈ।ਸਮਾਗਿਨ ਨੇ ਦੱਸਿਆ, ਸੱਤ ਸਾਲਾ ਕ੍ਰਿਸਟੋਫਰ ਨੇ ਸੁਰੱਖਿਆ ਪ੍ਰੋਟੋਕਾਲ ਦੀ ਉਲੰਘਣਾ ਕੀਤੀ ਅਤੇ ਰੋਬੋਟ ਦੀ ਖੇਡਣ ਦੀ ਵਾਰੀ ਦੌਰਾਨ ਇੱਕ ਚਾਲ ਚੱਲਣ ਦੀ ਕੋਸ਼ਿਸ਼ ਕੀਤੀ। ਉਹ ਕਹਿੰਦੇ ਹਨ, ਇਹ ਇੱਕ ਅਨੋਖਾ ਮਾਮਲਾ ਹੈ, ਪਰ ਕ੍ਰਿਸਟੋਫਰ ਨੂੰ ਕਿਸੇ ਤਰ੍ਹਾਂ ਦੀ ਗੰਭੀਰ ਸੱਟ ਨਹੀਂ ਲੱਗੀ। ਉਹ ਆਪਣੀ ਉਂਗਲ ਨਾਲ ਖੇਡ ਸਕਦਾ ਹੈ। ਉਹ ਐਵਾਰਡ ਸੈਰੇਮਨੀ ਵਿੱਚ ਵੀ ਮੌਜੂਦ ਰਿਹਾ।

# ਇੱਕ ਪਰਵਾਰ ਫੌਜੀ ਟੈਂਕ ਉੱਤੇ ਚੜ੍ਹ ਕੇ ਸ਼ਾਪਿੰਗ ਕਰਨ ਨਿਕਲਦੈ



ਲੰਡਨ, 25 ਜੁਲਾਈ (ਪੋਸਟ ਬਿਊਰੋ)- ਤੁਸੀਂ ਬਹੁਤ ਸਾਰੀਆਂ ਗੱਡੀਆਂ ਦੇਖੀਆਂ ਹੋਣਗੀਆਂ। ਕੁਝ ਲੋਕਾਂ ਨੂੰ ਨਵੇਂ ਮਾਡਲ ਦੀਆਂ ਗੱਡੀਆਂ ਦਾ ਸ਼ੌਕ ਹੁੰਦਾ ਹੈ ਅਤੇ ਉਹ ਉਸ ਉੱਤੇ ਪੈਸੇ ਖਰਚਣ ਤੋਂ ਪਿੱਛੇ ਨਹੀਂ ਹਟਦੇ, ਜਦ ਕਿ ਕੁਝ ਲੋਕਾਂ ਨੂੰ ਵਿੰਟੇਜ ਕਾਰਾਂ ਦਾ ਸ਼ੌਕ ਹੁੰਦਾ ਹੈ। ਬ੍ਰਿਟੇਨ ਵਿੱਚ ਇੱਕ ਸਾਬਕਾ ਫ਼ੌਜੀ ਨੇ ਆਪਣੇ ਲਈ ਇੱਕ ਅਜਿਹੀ ਗੱਡੀ ਤਿਆਰ ਕੀਤੀ ਹੈ, ਜਿਸ ਨੂੰ ਸੜਕ ਉੱਤੇ ਦੇਖ ਕੇ ਲੋਕ ਹੈਰਾਨ ਹੋ ਜਾਂਦੇ ਹਨ।

ਗੈਰੀ ਫ੍ਰੀਲੈਂਡ ਸਾਬਕਾ ਫੌਜੀ ਹੈ ਅਤੇ ਉਸ ਨੇ ਫੌਜੀ ਟੈਂਕ ਵਿੱਚ ਮਾਮੂਲੀ ਤਬਦੀਲੀਆਂ ਕਰ ਕੇ ਆਪਣੇ ਪਰਵਾਰ ਲਈ ਸ਼ਾਹੀ ਸਵਾਰੀ ਤਿਆਰ ਕੀਤੀ ਹੈ। ਉਹ ਸ਼ਾਨ ਨਾਲ ਆਪਣੇ ਪਰਵਾਰ ਨਾਲ ਸੈਰ ਕਰਨ ਲਈ ਨਿਕਲਦਾ ਹੈ। ਪਰਵਾਰ ਸ਼ਾਪਿੰਗ ਲਈ ਵੀ ਫੌਜੀ ਟੈਂਕ ਵਿੱਚ ਬੈਠ ਕੇ ਜਾਂਦਾ ਹੈ। ਛੁੱਟੀਆਂ ਉੱਤੇ ਰਾਈਡ ਲੈਣ ਲਈ ਵੀ ਉਹ ਫ਼ੌਜੀ ਟੈਂਕ ਦੀ ਵਰਤੋਂ ਕਰਦੇ ਹਨ।ਮਿਰਰ ਦੀ ਰਿਪੋਰਟ ਅਨੁਸਾਰ 35 ਸਾਲਾ ਗੈਰੀ ਫ੍ਰੀਲੈਂਡ ਇੰਗਲੈਂਡ ਦਾ ਰਹਿਣ ਵਾਲਾ ਹੈ ਅਤੇ ਉਸ ਨੇ ਇੱਕ ਫੌਜੀ ਟੈਂਕ ਨੂੰ ਆਪਣੇ ਰੋਜ਼ਾਨਾ ਦੀ ਸਵਾਰੀ ਬਣਾਇਆ ਹੈ। ਪਰਵਾਰਕ ਮੈਂਬਰ ਇਸ ਉੱਤੇ ਬੈਠ ਕੇ ਸੁਪਰਮਾਰਕੀਟ ਜਾਂਦੇ ਹਨ ਅਤੇ ਆਪਣੇ ਰੋਜ਼ ਦੇ ਕੰਮ ਕਰਦੇ ਹਨ। ਉਨ੍ਹਾਂ ਨੇ ਇਸ ਟੈਂਕ ਨੂੰ ਚੱਲਣ ਯੋਗ ਬਣਾਉਣ ਲਈ ਇਸ ਉੱਤੇ ਕਰੀਬ 19 ਲੱਖ ਰੁਪਏ ਖਰਚ ਕੀਤੇ ਹਨ। ਗੈਰੀ ਬਚਪਨ ਤੋਂ ਹੀ ਫ਼ੌਜੀ ਵਾਹਨਾਂ ਦਾ ਸ਼ੌਕੀਨ ਹੈ ਅਤੇ 16 ਸਾਲ ਦੀ ਉਮਰ ਵਿੱਚ ਫ਼ੌਜ ਵਿੱਚ ਭਰਤੀ ਹੋ ਗਿਆ ਸੀ। 20 ਸਾਲਾਂ ਬਾਅਦ ਉਸ ਨੇ ਆਪਣਾ ਫ਼ੌਜੀ ਵਾਹਨ ਖਰੀਦਿਆ ਅਤੇ ਇਸ ਨੂੰ ਆਪਣੇ ਜੱਦੀ ਸ਼ਹਿਰ ਐਮੇਸਬਰੀ ਦੀਆਂ ਸੜਕਾਂ ਉੱਤੇ ਚਲਾਉਣ ਲੱਗ ਪਿਆ।

# ਦਿੱਲੀ ਸਰਕਾਰ ਤੇ ਕੇਂਦਰ ਸਰਕਾਰ ਵਿਚਾਲੇ ਮੁੜ ਕੇ ਇੱਟ-ਖੜਿੱਕਾ

* ਪੁਲਸ ਨੇ ਦਿੱਲੀ ਸਰਕਾਰ ਦੇ ਸਮਾਗਮ ਵਿੱਚ ਪ੍ਰਧਾਨ ਮੰਤਰੀ ਦੇ ਬੈਨਰ ਲਾਏ

ਨਵੀਂ ਦਿੱਲੀ, 25 ਜੁਲਾਈ (ਪੋਸਟ ਬਿਊਰੋ)- ਦਿੱਲੀ ਸਰਕਾਰ ਤੇ ਕੇਂਦਰ ਸਰਕਾਰ ਦੇ ਕੰਟਰੋਲ ਹੇਠਲੀ ਦਿੱਲੀ ਪੁਲਸ ਵਿਚਾਲੇ ਫਿਰ ਖੜਕ ਪਈ ਹੈ। ਇਸ ਦਾ ਕਾਰਨ ਉਹ ਬੈਨਰ ਬਣੇ ਹਨ, ਜਿਨ੍ਹਾਂ ਉਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਸੀ ਤੇ ਜਿਸ ਨੂੰ ਦਿੱਲੀ ਪੁਲਸ ਨੇ ਰਾਤੋ ਰਾਤ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੋਟੋ ਵਾਲੇ ਬੈਨਰਾਂ ਦੀ ਥਾਂ ਲਾ ਦਿੱਤਾ ਸੀ। ਇਸੇ ਗੁੱਸੇ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੱਖਣੀ ਦਿੱਲੀ ਦੀ ਅਸੋਲਾ ਭਾਟੀ ਜੰਗਲੀ ਰੱਖ ਵਿੱਚਲੇ ਸਮਾਗਮ ਤੋਂ ਦੂਰ ਰਹੇ, ਜਦ ਕਿ ਲੈਫਟੀਨੈਂਟ ਗਵਰਨਰ ਸਮਾਗਮ ਵਿੱਚ ਸ਼ਾਮਲ ਹੋਏ ਸਨ।

ਇਸ ਸੰਬੰਧ ਵਿੱਚ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਦੋਸ਼ਲਾਇਆ ਕਿ ਕੇਂਦਰ ਸਰਕਾਰ ਨੇ ਅਸੋਲਾ ਭਾਟੀ ਜੰਗਲੀ ਰੱਖ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸਮਾਗਮ ਹਾਈਜੈਕ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਰਾਤ ਦਿੱਲੀ ਪੁਲਸ ਨੇ ਸਮਾਗਮ ਸਥਾਨ ਕਬਜ਼ੇ ਵਿੱਚ ਲੈ ਕੇ ਉਥੇ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਵਾਲੇ ਬੈਨਰ ਟੰਗ ਦਿੱਤੇ। ਇਸ ਦੀ ਭਿਣਕ ਪਈ ਤਾਂ ਅਰਵਿੰਦ ਕੇਜਰੀਵਾਲ ਨੇ ਸਮਾਗਮ ਵਿੱਚ ਸ਼ਾਮਲ ਨਾ ਹੋਣਾ ਬਿਹਤਰ ਸਮਝਿਆ। ਦਿੱਲੀ ਦੇ ਲੈਫਟੀਨੈਂਟ ਗਵਰਨਰ ਵੀ ਕੇ ਸਕਸੈਨਾ ਵੱਲੋਂ ਦਿੱਲੀ ਦੀ ਸ਼ਰਾਬ ਨੀਤੀ ਦੀ ਜਾਂਚ ਸੀ ਬੀ ਆਈ ਵੱਲੋਂ ਕਰਨ ਦੀ ਸਿਫਾਰਸ਼ ਮਗਰੋਂ ਮੁੱਖ ਮੰਤਰੀ ਕੇਜਰੀਵਾਲ ਸ਼ੁੱਕਰਵਾਰ ਦੀ ਹਫਤਾਵਾਰੀ ਮੀਟਿੰਗ ਵਿੱਚ ਸਕਸੈਨਾ ਨਾਲ ਸ਼ਾਮਲ ਨਹੀਂ ਹੋਏ ਸਨ।ਪੱਤਰਕਾਰਾਂ ਨਾਲ ਗੱਲਬਾਤ ਵਿੱਚ ਦਿੱਲੀ ਦੇ ਮੰਤਰੀ ਗੋਪਾਲ ਰਾਏ ਨੇ ਕਿਹਾ ਕਿ ਦਿੱਲੀ ਪੁਲਸ ਨੇ ਪ੍ਰਧਾਨ ਮੰਤਰੀ ਦਫਤਰ ਦੀਆਂ ਹਦਾਇਤਾਂ ਉੱਤੇ ਇਹ ਕਾਰਵਾਈ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਸੋਲਾ ਭਾਟੀ ਜੰਗਲੀ ਰੱਖ ਵਿੱਚ ਇੱਕ ਲੱਖ ਬੂਟੇ ਲਾਉਣ ਦੀ ਵਣ ਮਹਾਉਤਸਵ ਦੀ ਮੁਹਿੰਮ ਕੱਲ੍ਹ ਖਤਮ ਹੋਈ ਅਤੇ ਮੁਹਿੰਮ ਦੇ ਸਮਾਪਤੀ ਸਮਾਗਮ ਵਿੱਚ ਅਰਵਿੰਧ ਕੇਜਰੀਵਾਲ ਨੇ ਜਾਣਾ ਸੀ। ਇਹ ਮੁਹਿੰਮ 11 ਜੁਲਾਈ ਤੋਂ ਸੈਂਟਰਲ ਰਿੱਜ ਤੋਂ ਸ਼ੁਰੂ ਹੋਈ ਸੀ। ਰਾਏ ਦਾ ਕਹਿਣਾ ਹੈ ਕਿ ਦਿੱਲੀ ਪੁਲਸ ਰਾਤ ਨੂੰ ਰੱਖ ਵਿੱਚ ਗਈ ਤੇ ਪੰਡਾਲ ਕਬਜ਼ੇ ਵਿੱਚ ਲੈ ਕੇ ਧੱਕੇ ਨਾਲ ਪ੍ਰਧਾਨ ਮੰਤਰੀ ਦੀਆਂ ਤਸਵੀਰਾਂ ਵਾਲੇ ਬੈਨਰ ਲਾ ਦਿੱਤੇ ਜਦੋਂ ਕਿ ਪਹਿਲਾਂ ਲੱਗੇ ਲੈਫਟੀਨੈਂਟ ਗਵਰਨਰ, ਮੁੱਖ ਮੰਤਰੀ ਵਾਲੇ ਬੈਨਰ ਲਾਹ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਪੁਲਸ ਨੇ ਲੋਕਾਂ ਨੂੰ ਨਰਿੰਦਰ ਮੋਦੀ ਦੀਆਂ ਤਸਵੀਰਾਂ ਨੂੰ ਨਾ ਛੂਹਣ ਦੀ ਹਿਦਾਇਤ ਕੀਤੀ ਤੇ ਦਿੱਲੀ ਸਰਕਾਰ ਦੇ ਬੈਨਰ ਪਾੜ ਦਿੱਤੇ। ਵਾਤਾਵਰਣ ਮੰਤਰੀ ਨੇ ਕਿਹਾ ਕਿ ''ਹੈਰਾਨੀ ਦੀ ਗੱਲ ਹੈ ਕਿ ਜਿਸ ਪੁਲਸ ਨੇ ਲੋਕਾਂ ਦੀ ਸੁਰੱਖਿਆ ਕਰਨੀ ਹੈ, ਉਹ ਪ੍ਰਧਾਨ ਮੰਤਰੀ ਦੇ ਬੈਨਰ ਲਾ ਰਹੀ ਸੀ।''

ਗੋਪਾਲ ਰਾਏ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਰਾਤ ਨੂੰ ਇੰਝ ਦਿੱਲੀ ਪੁਲਸ ਨੂੰ ਪੋਸਟਰ ਲਾਉਣ ਲਈ ਭੇਜਣ ਤੋਂ ਸਾਫ ਹੈ ਕਿ ਉਹ ਕੇਜਰੀਵਾਲ ਤੋਂ ਡਰੇ ਹੋਏ ਹਨ। ਉਨ੍ਹਾਂ ਕਿਹਾ ਕਿ ਸਮਾਗਮ ਦੀਆਂ ਤਿਆਰੀਆਂ ਪੂਰੀਆਂ ਸਨ ਅਤੇ ਫਿਰ ਮੁੱਖ ਮੰਤਰੀ ਨੇ ਵਣ ਮਹਾਉਤਸਵ ਵਿੱਚ ਸ਼ਾਮਲ ਨਾ ਹੋਣ ਦਾ ਫੈਸਲਾ ਕੀਤਾ ਕਿਉਂਕਿ ਇਸ ਨੂੰ ਸਿਆਸੀ ਸਮਾਗਮ ਵਿੱਚ ਬਦਲ ਦਿੱਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਮੋਦੀ ਦੀਆਂ ਤਸਵੀਰਾਂ ਵਾਲੇ ਬੈਨਰ ਬੱਚਿਆਂ ਨੂੰ ਸਿੱਖਿਆਦਾਇਕ ਪ੍ਰੋਗਰਾਮ ਦਿਖਾਉਣ ਲਈ ਲਾਈ ਐਲ ਈ ਡੀ ਸਕਰੀਨ ਉੱਤੇਵੀ ਲਾ ਦਿੱਤੇ।

ਦਿੱਲੀ ਦੇ ਲੈਫਟੀਨੈਂਟ ਗਵਰਨਰ ਵਿਨੈ ਕੇ ਸਕਸੈਨਾ ਦਾਕਹਿਣਾ ਹੈ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅਸੋਲਾ ਭੱਟੀ ਰਖ ਵਿੱਚ ਬੂਟੇ ਲਾਉਣ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੀਦਾ ਸੀ। ਉਨ੍ਹਾ ਕਿਹਾ,'ਇਹ ਇੱਕ ਅਜਿਹਾ ਪ੍ਰੋਗਰਾਮ ਹੈ, ਜਿੱਥੇ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਮੈਂ ਉਮੀਦ ਕਰਦਾ ਹਾਂ ਕਿ ਉਹ ਭਵਿੱਖ ਦੇ ਸਮਾਗਮਾਂ ਵਿੱਚ ਇਹ ਸੰਦੇਸ਼ ਦੇਣ ਲਈ ਮੌਜੂਦ ਰਹਿਣਗੇ ਕਿ ਅਸੀਂ ਦਿੱਲੀ ਦੇ ਵਿਕਾਸ ਲਈ ਮਿਲ ਕੇ ਕੰਮ ਕਰਨਾ ਚਾਹੁੰਦੇ ਹਾਂ।''



# ਪਠਾਨਕੋਟ ਪੁਲਿਸ ਨੇ ਜ਼ਿਲ੍ਹੇ ਭਰ ਵਿਚ ਵਾਹਨਾ ਦੀ ਚੈਕਿੰਗ ਕੀਤੀ ਤੇਜ

*ਪ੍ਰਭਾਵੀ ਸੀਲਿੰਗ ਯੋਜਨਾ ਅਤੇ ਵਾਹਨਾਂ ਦੀ ਜਾਂਚ ਦੇ ਕੰਮ ਲਈ ਅੰਤਰ-ਜ਼ਿਲ੍ਹਾ/ਰਾਜ ਵਿੱਚ ਵਿਸ਼ੇਸ਼ ਨਾਕਿਆਂ ਦਾ ਕੀਤਾ ਗਿਆ ਪ੍ਰਬੰਧ

ਪਠਾਨਕੋਟ, 25 ਜੁਲਾਈ (ਰਾਜਿੰਦਰ ਸਿੰਘ ਰਾਜਨ)- ਲੋਕਾਂ ਵਿੱਚ ਸੁਰੱਖਿਆ ਤੇ ਚੇਤਨਾ ਦੀ ਭਾਵਨਾ ਪੈਦਾ ਕਰਨ ਲਈ ਪਠਾਨਕੋਟ ਪੁਲਿਸ ਨੇ ਸ਼ਨੀਵਾਰ ਨੂੰ ਡੀਜੀਪੀ ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਠਾਨਕੋਟ ਵਿੱਚ ਜ਼ਿਲ੍ਹਾ/ਸ਼ਹਿਰ ਦੀ ਸੀਲਿੰਗ ਅਤੇ ਵਿਸ਼ੇਸ਼ ਵਾਹਨ ਚੈਕਿੰਗ ਅਭਿਆਨ ਚਲਾਇਆ।

ਐਸਐਸਪੀ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਸ਼ਾਮ 4.00 ਵਜੇ ਤੋਂ ਸ਼ਾਮ 7.00 ਵਜੇ ਤੱਕ ਚੱਲਣ ਵਾਲੇ ਇਸ ਸਮੁੱਚੇ ਆਪ੍ਰੇਸ਼ਨ ਦੀ ਅਗਵਾਈ ਇੰਸਪੈਕਟਰ ਜਨਰਲ ਪੁਲਿਸ (ਬਾਰਡਰ ਰੇਂਜ) ਅੰਮ੍ਰਿਤਸਰ ਮੋਹਨੀਸ਼ ਚਾਵਲਾ ਨੇ ਦੁਆਰਾ ਕੀਤੀ ਗਈ ਅਤੇ ਵਾਹਨਾਂ ਦੀ ਚੌਕਸੀ ਅਤੇ ਚੈਕਿੰਗ ਨੂੰ ਤੇਜ਼ ਕਰਨ ਲਈ ਵਿਸ਼ੇਸ਼ ਨਾਕੇ ਲਗਾਏ ਗਏ ਸਨ। ਪਠਾਨਕੋਟ ਵਿੱਚ ਦਾਖਲ ਹੋਣਾ ਅਤੇ ਬਾਹਰ ਨਿਕਲਣ ਵਾਲੇ ਸਾਰੇ ਵਾਹਨਾਂ ਦੀ ਵਿਸ਼ੇਸ਼ ਚੈਕਿੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਆਪਰੇਸ਼ਨ ਲਈ ਵੱਧ ਤੋਂ ਵੱਧ ਪੁਲਿਸ ਅਧਿਕਾਰੀ ਅਤੇ ਮੈਨਪਾਵਰ ਲਾਮਬੰਦ ਕੀਤੇ ਜਾ ਰਹੇ ਹਨ ਅਤੇ ਪ੍ਰਭਾਵਸ਼ਾਲੀ ਅੰਤਰ-ਰਾਜੀ/ਜ਼ਿਲ੍ਹਾ ਸੀਲਿੰਗ ਵੀ ਕੀਤੀ ਜਾ ਰਹੀ ਹੈ। ਗਜ਼ਟਿਡ ਅਫ਼ਸਰਾਂ/ਸਟੇਸ਼ਨ ਹਾਊਸ ਅਫ਼ਸਰ/ਇੰਸਪੈਕਟਰਾਂ ਦੀ ਨਿਗਰਾਨੀ ਹੇਠ ਜ਼ਿਲ੍ਹੇ/ਸ਼ਹਿਰ ਦੇ ਸੀਲਿੰਗ ਪੁਆਇੰਟਾਂ 'ਤੇ ਨਾਕੇ ਲਗਾਏ ਗਏ ਹਨ ਜੋ ਲੋਕਾਂ ਦੀ ਸੁਰੱਖਿਆ ਲਈ ਬਾਰੀਕੀ ਨਾਲ ਚੈਕਿੰਗ ਨੂੰ ਯਕੀਨੀ ਬਣਾਉਣਗੇ।



ਪੰਜਾਬ ਭਰ ਵਿੱਚ ਇਸ ਮੁਹਿੰਮ ਨੂੰ ਚਲਾਉਣ ਲਈ ਡੀਜੀਪੀ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ, ਐਸਐਸਪੀ ਨੇ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ ਦੀ ਹਰਕਤ 'ਤੇ ਤਿੱਖੀ ਨਜ਼ਰ ਰੱਖਣ ਲਈ ਕੁਝ ਸੈਕਟਰ ਨਿਰਧਾਰਤ ਕੀਤੇ ਗਏ ਸਨ, ਜਿਨ੍ਹਾਂ ਦੀ ਨਿਗਰਾਨੀ ਐਸਪੀ ਰੈਂਕ ਦੇ ਅਧਿਕਾਰੀ ਦੁਆਰਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸਮੁੱਚੀ ਫੋਰਸ ਨੂੰ ਚੈਕਿੰਗ ਦੀ ਕਿਸਮ ਬਾਰੇ ਵੀ ਜਾਣੂ ਕਰਵਾਇਆ ਗਿਆ।

ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਸਾਰੇ ਗਜ਼ਟਿਡ ਅਧਿਕਾਰੀ ਅਤੇ ਨਾਕਾ ਇੰਚਾਰਜ ਅੰਤਰਰਾਜੀ ਨਾਕਿਆਂ 'ਤੇ 30 ਐਨ.ਜੀ.ਓਜ਼/ਈ.ਪੀ.ਓਜ਼ ਦੀ ਤਾਇਨਾਤੀ ਨੂੰ ਯਕੀਨੀ ਬਣਾਉਣਗੇ, 20 ਅੰਤਰ ਜਿਲਾ ਨਾਕਿਆਂ 'ਤੇ ਅਤੇ 10/10 ਸਿਟੀ ਸੀਲਿੰਗ ਨਾਕੇ 'ਤੇ ਤਾਇਨਾਤ ਹਨ। ਐਸਐਸਪੀ ਨੇ ਦੱਸਿਆ ਕਿ ਇਸ ਵਿਸ਼ੇਸ਼ ਵਾਹਨ ਚੈਕਿੰਗ ਅਭਿਆਨ ਦੌਰਾਨ ਸ਼ੱਕੀ ਵਾਹਨਾਂ/ਵਿਅਕਤੀਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਜਾਵੇਗੀ, ਉਨ੍ਹਾਂ ਕਿਹਾ ਕਿ ਢੁਕਵੇਂ ਬੈਰੀਕੇਡਿੰਗ, ਸਟੌਪਰ ਅਤੇ ਲੋੜੀਂਦੇ ਸਾਜ਼ੋ-ਸਾਮਾਨ ਵਾਲੇ ਪੁਲਿਸ ਮੁਲਾਜ਼ਮਾਂ ਵੱਲੋਂ ਤਲਾਸ਼ੀ ਲਈ ਜਾ ਰਹੀ ਹੈ। ਖੱਖ ਨੇ ਕਿਹਾ ਕਿ ਪੁਲਿਸ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਸ ਅਪਰੇਸ਼ਨ ਦੌਰਾਨ ਹਰੇਕ ਨਿਵਾਸੀ ਨਾਲ ਨਿਮਰਤਾ ਨਾਲ ਪੇਸ਼ ਆਉਣ ਕਿਉਂਕਿ ਇਸ ਵਿਸ਼ੇਸ਼ ਚੈਕਿੰਗ ਦਾ ਉਦੇਸ਼ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਦੇ ਨਾਲ-ਨਾਲ ਲੋਕਾਂ ਦੀ ਸੁਰੱਖਿਆ ਕਰਨਾ ਹੈ।

# ਸੱਤ ਵਿਦਿਆਰਥਣਾਂ ਨੇ ਐਨ.ਐਮ.ਐਮ.ਐਸ. ਪ੍ਰੀਖਿਆ ਪਾਸ ਕਰਕੇ ਜਿਲ੍ਹੇ 'ਚ ਕਰਾਈ ਸਕੂਲ ਦੀ ਬੱਲੇ ਬੱਲੇ

ਪਠਾਨਕੋਟ, 23 ਜੁਲਾਈ ( ਰਾਜਿੰਦਰ ਸਿੰਘ ਰਾਜਨ) ਸ਼ਹੀਦ ਮੱਖਣ ਸਿੰਘ ਸਕੂਲ ਦੀਆਂ 7 ਵਿਦਿਆਰਥਣਾਂ ਨੇ ਐਨ.ਐਮ.ਐਮ.ਐਸ. ਪ੍ਰੀਖਿਆ ਪਾਸ ਕਰਕੇ ਜਿਲ੍ਹੇ 'ਚ' ਕਰਾਈ ਬੱਲੇ ਬੱਲੇ। ਇਸ ਸਕੂਲ ਦੀਆਂ ਵਿਦਿਆਰਥਣਾਂ ਨੇ ਇਕ ਵਾਰ ਫੇਰ ਆਪਣੀ ਪ੍ਰਤਿਭਾ ਦਾ ਲੋਹਾ ਮਨਾਉਂਦੇ ਹੋਏ ਸਾਬਿਤ ਕਰ ਦਿਤਾ ਹੈ ਕਿ ਉਹ ਵੀ ਕਿਸੇ ਤੋਂ ਘੱਟ ਨਹੀਂ । ਪ੍ਰਿੰਸੀਪਲ ਮੀਨਮ ਸ਼ਿਖਾ ਨੇ ਦਸਿਆ ਕਿ ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ ਵਲੋ ਹਰ ਵਰ੍ਹੇ ਨੈਸ਼ਨਲ-ਮੀਨਜ-ਕਮ-ਮੈਰਿਟ ਸਕਾਲਰਸ਼ਿਪ (ਐਨ.ਐਮ.ਐਮ.ਐਸ.) ਪ੍ਰੀਖਿਆ ਲਈ ਜਾਂਦੀ ਹੈ । ਜਿਸ ਵਿਚ ਉਨ੍ਹਾਂ ਦੇ ਸਕੂਲ ਦੀਆਂ ਵਿਦਿਆਰਥਣਾਂ ਨੇ ਵੀ ਇਹ ਪ੍ਰੀਖਿਆ ਦਿਤੀ ਸੀ । ਇਹ ਪ੍ਰੀਖਿਆ 7 ਵਿਦਿਆਰਥਣਾਂ ਅਮਨ ਭਗਤ, ਪ੍ਰਿੰਅਕਾ ਭਗਤ, ਦਿਵਿਆਜੀਤ ਕੋਰ, ਡੋਲੀ, ਭਾਵਨਾ, ਪ੍ਰਿੰਅਕਾ ਅਤੇ ਤਨੁਸ਼ਾ ਨੇ ਪਾਸ ਕੀਤੀ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ



ਉਹਨਾਂ ਦਸਿਆ ਕਿ ਜਿਹਨਾਂ ਵਿਦਿਆਰਥੀਣਾਂ ਨੇ ਇਹ ਪ੍ਰੀਖਿਆ ਪਾਸ ਕੀਤੀ ਹੈ,ਉਹਨਾਂ ਨੂੰ ਬਾਰ੍ਹਵੀਂ ਜਮਾਤ ਤਕ ਹਰ ਮਹੀਨੇ 1000 ਰੁਪਏ ਵਜ਼ੀਫਾ ਮਿਲਿਆ ਕਰੇਗਾ ।ਪ੍ਰਿੰਸੀਪਲ ਮੀਨਮ ਸ਼ਿਖਾ ਨੇ ਦਸਿਆ ਕਿ ਉਹਨਾਂ ਦਾ ਸਕੂਲ ਜਿਲੇ ਦਾ ਪਹਿਲਾ ਸਕੂਲ ਹੈ ਜਿਸ ਦੇ ਸੱਭ ਤੋ ਵੱਧ ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕੀਤੀ ਹੈ । ਪ੍ਰਿੰਸੀਪਲ ਨੇ ਦਸਿਆ ਕਿ 4 ਸਾਲਾਂ ਵਿਚ ਵਿਦਿਆਰਥਣਾਂ ਨੂੰ 48000 ਰੁਪਏ ਵਜੀਫਾ ਮਿਲੇਗਾ ।


ਇਸ ਪ੍ਰੀਖਿਆ ਵਿਚ ਅੱਵਲ ਰਹੀਆਂ ਵਿਦਿਆਰਥਣਾਂ ਨੂੰ ਪ੍ਰਿੰਸੀਪਲ ਮੀਨਮ ਸ਼ਿਖਾ ਵਲੋ ਮੂੰਹ ਮਿਠਾ ਕਰਵਾਇਆ ਗਿਆ ਅਤੇ ਇਹਨਾਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਅਤੇ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ।

ਜਿਲਾ ਸਿਖਿਆ ਅਫਸਰ ਜਸਵੰਤ ਸਿੰਘ ਸਲਾਰਿਆ ਅਤੇ ਪ੍ਰਿੰਸੀਪਲ ਮੀਨਮ ਸ਼ਿਖਾ ਨੇ ਇਸ ਪ੍ਰਾਪਤੀ ਲਈ ਸਮੂਹ ਸਟਾਫ ਅਤੇ ਵਿਦਿਆਰਥਣਾਂ ਦੇ ਮਾਪਿਆਂ ਨੂੰ ਵਧਾਈ ਦਿਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Marriage

# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

Looking Suitable Girl for Punjabi Lubhana Sikh boy, 29 Years old, 5"9' height, Canadian Citizen, settled in Toronto. Please contact Ajay at (647) 859-2018

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ

647-998-7500 ਬਲਵਿੰਦਰ




# ਨਾਜਾਇਜ਼ ਪਟਾਕਾ ਫ਼ੈਕਟਰੀ ਵਿੱਚ ਧਮਾਕੇ ਨਾਲ ਛੇ ਮੌਤਾਂ, ਦੋ ਜ਼ਖ਼ਮੀ

ਪਟਨਾ, 25 ਜੁਲਾਈ (ਪੋਸਟ ਬਿਊਰੋ)- ਬਿਹਾਰ ਦੇ ਛਪਰਾ ਦੀ ਇੱਕ ਇਮਾਰਤ ਵਿੱਚ ਬੰਬ ਧਮਾਕਾ ਹੋਣ ਨਾਲ ਇਮਾਰਤ ਢਹਿ ਗਈ ਹੈ। ਧਮਾਕੇ ਪਿੱਛੋਂ ਚਾਰੇ ਪਾਸੇ ਹਫੜਾ-ਦਫੜੀ ਮਚ ਗਈ। ਘਟਨਾ ਖਹਿਰਾ ਥਾਣਾ ਖੇਤਰ ਦੇ ਪਿੰਡ ਖੋਦੇਬਾਗ ਦੀ ਹੈ। ਧਮਾਕੇ ਕਾਰਨ ਢਹਿ ਢੇਰੀ ਹੋਈ ਇਮਾਰਤ ਦੇ ਮਲਬੇ ਵਿੱਚੋਂ ਛੇ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਤੇ ਦੋ ਲੋਕ ਜ਼ਖ਼ਮੀ ਹੋਏ ਹਨ। ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।



ਦੱਸਿਆ ਜਾਂਦਾ ਹੈ ਕਿ ਇਮਾਰਤ ਵਿੱਚ ਗ਼ੈਰ-ਕਾਨੂੰਨੀ ਪਟਾਕਿਆਂ ਦੀ ਫ਼ੈਕਟਰੀ ਚੱਲਦੀ ਸੀ। ਕੱਲ੍ਹ ਸਵੇਰੇ ਪਟਾਕੇ ਬਣਾਉਣ ਦੌਰਾਨ ਅਚਾਨਕ ਧਮਾਕਾ ਹੋ ਗਿਆ। ਇਸ ਨਾਲ ਨੁਕਸਾਨੇ ਗਏ ਘਰ ਵਿੱਚੋਂ ਤਿੰਨ-ਚਾਰ ਐਲ ਪੀ ਜੀ ਸਿਲੰਡਰ ਕੱਢ ਕੇ ਬਾਹਰ ਸੁੱਟੇ ਜਾਣ ਪਿੱਛੋਂ ਲੋਕ ਭੱਜਣ ਲੱਗੇ। ਚਸ਼ਮਦੀਦਾਂ ਮੁਤਾਬਕ ਧਮਾਕਾ ਇੰਨਾ ਜ਼ਬਰਦਸਤ ਸੀ ਕਿ ਇਸਦੀ ਆਵਾਜ਼ ਦੋ ਤੋਂ ਤਿੰਨ ਕਿਲੋਮੀਟਰ ਦੂਰ ਤਕ ਸੁਣਾਈ ਦਿੱਤੀ। ਧਮਾਕੇ ਕਾਰਨ ਇਮਾਰਤ ਵਿੱਚ ਆਤਿਸ਼ਬਾਜ਼ੀ ਸ਼ੁਰੂ ਹੋ ਗਈ ਅਤੇ ਇਹ ਡਿੱਗ ਗਈ। ਇਮਾਰਤ ਦੇ ਮਲਬੇ ਹੇਠ ਕਈ ਲੋਕ ਦੱਬੇ ਹੋਏ ਦੱਸੇ ਜਾ ਰਹੇ ਸਨ। ਸਾਰਨ ਦੇ ਐਸ ਪੀ ਸੰਤੋਸ਼ ਕੁਮਾਰ ਨੇ ਘਟਨਾ ਸਥਾਨ ਦਾ ਮੁਆਇਨਾ ਕਰ ਕੇ ਪਟਾਕਾ ਫ਼ੈਕਟਰੀ ਵਿੱਚ ਜਬਰਦਸਤ ਧਮਾਕੇ ਦੀ ਜਾਂਚ ਲਈ ਫੋਰੈਂਸਿਕ (ਐਫ ਐਸ ਐਲ) ਅਤੇ ਮਾਹਰਾਂ ਦੀ ਟੀਮ ਮੰਗੀ ਹੈ।

